# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times    08 ਜੁਲਾਈ 2025 ਦਿਨ ਮੰਗਲਵਾਰ    ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਅੰਗਰੇਜ਼ੀ ਮੈਗਜ਼ੀਨ 'ਕੈਨੇਡਾ ਟੈਬਲਾਇਡ' ਦਾ 'ਕੈਨੇਡਾ ਡੇ' ਵਿਸ਼ੇਸ਼ ਅੰਕ ਰਿਲੀਜ਼ ਸਮਾਗਮ

### ਸਮਾਜਿਕ, ਰਾਜਨੀਤਿਕ ਅਤੇ ਪੱਤਰਕਾਰੀ ਨਾਲ ਸੰਬੰਧਿਤ ਉੱਘੀਆਂ ਸ਼ਖ਼ਸੀਅਤਾਂ ਨੇ ਕੀਤੀ ਸ਼ਮੂਲੀਅਤ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 8 ਜੁਲਾਈ : ਸਰੀ ਤੋਂ ਛਪਦੇ ਅੰਗਰੇਜ਼ੀ ਮੈਗਜ਼ੀਨ 'ਕੈਨੇਡਾ ਟੈਬਲਾਇਡ' ਵੱਲੋਂ 'ਕੈਨੇਡਾ ਡੇ' 'ਤੇ ਪ੍ਰਕਾਸ਼ਿਤ ਵਿਸ਼ੇਸ਼ ਅੰਕ ਰਿਲੀਜ਼ ਕਰਨ ਲਈ ਬੀਤੇ ਦਿਨ ਪਿਕਸ ਦੇ ਮੁੱਖ ਦਫਤਰ ਸਰੀ ਵਿਖੇ ਇੱਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ। ਇਸ ਅੰਕ ਵਿਚ 'ਪਿਕਸ' (PICS) ਸੁਸਾਇਟੀ ਵੱਲੋਂ ਸ਼ੁਰੂ ਕੀਤੀ ਗਈ 'ਲੋਇਲ ਕੈਨੇਡੀਅਨ ਮੂਵਮੈਂਟ' ਨੂੰ ਕਵਰ ਪੇਜ 'ਤੇ ਦਰਸਾਇਆ ਗਿਆ ਹੈ। ਇਸ ਸਮਾਗਮ ਵਿੱਚ ਸਮਾਜਿਕ, ਰਾਜਨੀਤਿਕ ਅਤੇ ਪੱਤਰਕਾਰੀ ਨਾਲ ਸੰਬੰਧਿਤ ਬਹੁਤ ਸਾਰੀਆਂ ਸ਼ਖ਼ਸੀਅਤਾਂ ਸ਼ਾਮਿਲ ਹੋਈਆਂ।




ਮੈਗਜ਼ੀਨ ਰਿਲੀਜ਼ ਕਰਨ ਦੀ ਰਸਮ ਅਦਾ ਕਰਦਿਆਂ ਐਮ ਪੀ ਸੁਖ ਧਾਲੀਵਾਲ, ਐਮ ਐਲ ਏ ਸੁਨੀਤਾ ਧੀਰ, ਐਮ ਐਲ ਏ ਸਟੀਵ ਕੂਨਰ, ਕੌਂਸਲਰ ਲਿੰਡਾ ਐਨਿਸ, ਸਰੀ ਬੋਰਡ ਆਫ ਟਰੇਡ ਦੀ ਸੀਈਓ ਇੰਦਰਾ ਭਾਨ, ਡਾ ਵਿਵੇਕ ਸਾਵੂਕਰ, ਸੀਨੀਅਰ ਪੱਤਰਕਾਰ: ਕੁਲਦੀਪ ਸਿੰਘ, ਪ੍ਰੋ. ਸੀ.ਜੇ. ਸਿੱਧੂ, ਸੁਖਵਿੰਦਰ ਸਿੰਘ ਚੋਹਲਾ, ਸੰਦੀਪ ਸਿੰਘ ਧੰਜੂ, ਅਮਰ ਢਿੱਲੋਂ, ਨਵਲਪ੍ਰੀਤ ਸਿੰਘ ਰੰਗੀ, ਨਰੰਜਨ ਸਿੰਘ ਲੇਹਿਲ, ਹਰਜੀਤ ਰਿੱਕੀ, ਅਨਿਲ ਸ਼ਰਮਾ, ਦਮਨਜੀਤ ਸਿੰਘ ਬੱਸੀ, ਨਵਜੋਤ ਢਿੱਲੋਂ, ਸਮਾਜਕ ਕਾਰਕੁਨ ਬਲਜੀਤ ਸਿੰਘ ਰਾਏ, ਅਮ੍ਰਿਤਪਾਲ ਸਿੰਘ ਢੋਟ, ਐਡਵੋਕੇਟ ਅਵਤਾਰ ਸਿੰਘ ਧਨੋਆ, ਰਵੀ ਕੋਛਰ (ਬ੍ਰਾਂਚ ਮੈਨੇਜਰ, ਟੀ.ਡੀ. ਬੈਂਕ), ਪਾਕਿਸਤਾਨ ਤੋਂ ਸਾਬਕਾ ਮੈਂਬਰ ਪਾਰਲੀਮੈਂਟ ਰਾਇ ਅਜ਼ੀਜ਼ ਉੱਲਾ ਖਾਨ ਅਤੇ ਚੇਤਨਾ ਐਸੋਸੀਏਸ਼ਨ ਆਫ ਕੈਨੇਡਾ ਦੇ ਜੈ ਬਿਰਦੀ ਨੇ ਡਾ. ਜਸਵਿੰਦਰ ਦਿਲਾਵਰੀ ਤੇ ਉਹਨਾਂ ਦੀ ਟੀਮ ਨੂੰ ਮੁਬਾਰਕਬਾਦ ਦਿੱਤੀ ਅਤੇ ਡਾ. ਦਿਲਾਵਰੀ ਵੱਲੋਂ ਸਮਾਜਿਕ ਅਤੇ ਪੱਤਰਕਾਰੀ ਖੇਤਰ ਵਿੱਚ ਪਾਏ ਨਿੱਗਰ ਯੋਗਦਾਨ ਦੀ ਸਲਾਘਾ ਕੀਤੀ।

ਅੰਤ ਵਿਚ ਡਾ. ਜਸਵਿੰਦਰ ਦਿਲਾਵਰੀ ਨੇ ਸਮਾਗਮ ਵਿਚ ਹਾਜਰ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਮੈਗਜ਼ੀਨ ਮੇਰਾ ਸ਼ੌਕ ਹੈ। ਕਮਾਈ ਦਾ ਸਾਧਨ ਨਹੀਂ। ਇਸ ਮੈਗਜ਼ੀਨ ਦਾ ਮਕਸਦ ਹੀ ਚੰਗੇਰੀਆਂ ਕਦਰਾਂ ਕੀਮਤਾਂ ਨੂੰ ਉਜਾਗਰ ਕਰਨਾ ਅਤੇ ਕਮਿਊਨਿਟੀ ਤੱਕ ਪਹੁੰਚਾਉਣਾ ਹੈ। ਇਸ ਵਾਰ ਮੈਗਜ਼ੀਨ ਨੇ 'ਪਿਕਸ' (PICS) ਸੁਸਾਇਟੀ ਵੱਲੋਂ ਸ਼ੁਰੂ ਕੀਤੀ ਗਈ 'ਲੋਇਲ ਕੈਨੇਡੀਅਨ ਮੂਵਮੈਂਟ' ਵਿੱਚ ਭਾਗ ਲੈ ਕੇ ਕੈਨੇਡੀਅਨ ਅਰਥ ਵਿਵਸਥਾ ਨੂੰ ਹੋਰ ਮਜ਼ਬੂਤ ਅਤੇ ਵਿਕਸਿਤ ਬਣਾਉਣ ਦੇ ਸੰਦੇਸ਼ ਨੂੰ ਉਭਾਰਿਆ ਹੈ। ਉਹਨਾਂ ਸਾਰੇ ਸਹਿਯੋਗੀਆਂ ਅਤੇ ਮੈਗਜ਼ੀਨ ਵਿੱਚ ਯੋਗਦਾਨ ਪਾਉਣ ਵਾਲੀਆਂ ਸਾਰੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਦੀ ਹੱਲਾਸ਼ੇਰੀ ਨਾਲ ਹੀ ਅਸੀਂ ਆਪਣੀ ਕਮਿਊਨਿਟੀ ਤੱਕ ਕੁਝ ਚੰਗਾ ਪਹੁੰਚਾਉਣ ਦੇ ਕਾਬਲ ਹੋਏ ਹਾਂ। ਉਹਨਾਂ ਪਿਕਸ ਦੇ ਸੀ.ਈ.ਓ. ਸਤਬੀਰ ਚੀਮਾ, ਫਲਕ ਬੇਤਾਬ ਅਤੇ ਉਨ੍ਹਾਂ ਦੀ ਟੀਮ ਵੱਲੋਂ ਮੈਗਜ਼ੀਨ ਨੂੰ ਆਪਣੀ ਮੁਹਿੰਮ ਦਾ ਹਿੱਸਾ ਬਣਾਉਣ ਲਈ ਵਿਸ਼ੇਸ਼ ਧੰਨਵਾਦ ਕੀਤਾ।

## ਅਲਾਇੰਸ ਕਲੱਬਸ ਇੰਟਰਨੇਸ਼ਨਲ ਜਿਲ੍ਹਾ 111 ਨੌਰਥ ਦੀ ਕੈਬਿਨੇਟ ਮੀਟਿੰਗ ਅਤੇ ਪੀ.ਐਸ.ਟੀ. ਟ੍ਰੇਨਿੰਗ ਦਾ ਸਮਾਗਮ ਦਾ ਆਯੋਜਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 8 ਜੁਲਾਈ : ਅਲਾਇੰਸ ਕਲੱਬਸ ਇੰਟਰਨੇਸ਼ਨਲ ਜਿਲ੍ਹਾ 111 ਨੌਰਥ ਦੇ ਸਾਰੇ ਕਲੱਬਾਂ ਦੇ ਪੀ.ਐਸ.ਟੀ ਦੀ ਐਕਟੀਵਿਟੀ ਦੀ ਟਰੇਨਿੰਗ ਦੇ ਸਬੰਧ ਵਿੱਚ ਨੌਰਥ ਦੇ ਜਿਲ੍ਹਾ ਕੈਬਿਨੇਟ ਦੀ ਮੀਟਿੰਗ ਕੀਤੀ ਗਈ। ਇਹ ਮੀਟਿੰਗ ਐਲੀ ਮਨਜਿੰਦਰ ਸਿੰਘ ਮਦਾਨ ਜਿਲ੍ਹਾ ਗਵਰਨਰ ਦੀ ਅਗਵਾਈ ਹੇਠ ਹੋਟਲ ਦਾਸਤਾਨ, ਫਰੀਦਕੋਟ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਕੋਟਕਪੂਰਾ, ਬਠਿੰਡਾ, ਰਾਮਪੁਰਾ ਫੂਲ, ਮੁਕਤਸਰ, ਬਰਗਾੜੀ, ਜੈਤੋ, ਜੀਰਾ, ਨਿਹਾਲ ਸਿੰਘ ਵਾਲਾ ਕਲੱਬਾਂ ਤੋਂ 90 ਤੋਂ ਜਿਆਦਾ ਡੇਲੀਗੇਟ ਨੇ ਸ਼ਿਰਕਤ ਕੀਤੀ। ਇਸ ਮੀਟਿੰਗ ਦੇ ਮੁੱਖ ਮਹਿਮਾਨ ਐਲੀ ਸੁਭਾਸ਼ ਮੰਗਲਾ ਚੇਅਰਮੈਨ ਨੌਰਥ ਮਲਟੀਪਲ ਕੌਂਸਲ ਅਤੇ




ਪੰਜਾਬ ਅਲਾਇੰਸ ਦੇ ਫਾਉਂਡਰ ਰਹੇ। ਜਦਕਿ ਪ੍ਰੋਗਰਾਮ ਦੇ ਚੇਅਰਮੈਨ ਐਲੀ ਇੰਦਰਜੀਤ ਸਿੰਘ ਮਦਾਨ ਸਾਬਕਾ ਇੰਟਰਨੇਸ਼ਨਲ ਡਾਇਰੈਕਟਰ ਰਹੇ ਅਤੇ ਫੰਕਸਨ ਕੋ ਚੇਅਰਮੈਨ ਐਲੀ ਨਿਰੰਜਨ ਸਿੰਘ ਰੱਖੜਾ ਸਾਬਕਾ ਜਿਲ੍ਹਾ ਗਵਰਨਰ ਰਹੇ, ਐਲੀ ਤਰਸੇਮ ਸਿੰਗਲਾ ਸਾਬਕਾ ਜਿਲ੍ਹਾ ਗਵਰਨਰ, ਐਲੀ ਹਰਬੰਸ ਸਿੰਗਲਾ ਸਾਬਕਾ ਜਿਲ੍ਹਾ ਗਵਰਨਰ, ਐਲੀ ਅਰਵਿੰਦ ਗਰਗ ਸਾਬਕਾ ਜਿਲ੍ਹਾ ਗਵਰਨਰ, ਐਲੀ ਰਾਮਜੀ ਲਾਲ ਬਤਰਾ ਸਾਬਕਾ ਜਿਲ੍ਹਾ ਗਵਰਨਰ, ਐਲੀ ਐਮ.ਆਰ. ਜਿੰਦਲ ਸਾਬਕਾ ਜਿਲ੍ਹਾ ਗਵਰਨਰ, ਐਲੀ ਸੁਸ਼ਮਾ ਗੁਲਾਟੀ ਸਾਬਕਾ ਜਿਲ੍ਹਾ ਗਵਰਨਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੀ ਸ਼ੁਰੂਆਤ ਦੀਪ ਜਲਾਕੇ ਅਤੇ ਰਾਸ਼ਟਰ ਗਾਨ ਦੇ ਨਾਲ ਕੀਤਾ ਗਿਆ। ਰਾਸ਼ਟਰ ਗਾਨ ਐਲੀ ਡਾ. ਵਿਸ਼ੇਸ਼ ਬੁੱਧੀਰਾਜਾ ਵੱਲੋਂ ਗਾਇਆ ਗਿਆ। ਐਲੀ ਇੰਦਰਜੀਤ ਸਿੰਘ ਮਦਾਨ ਅਤੇ ਐਲੀ ਨਿਰੰਜਨ ਸਿੰਘ ਰੱਖੜਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਆਏ ਹੋਏ ਸਾਰੇ ਐਲੀ ਮੈਂਬਰ ਦਾ ਸਵਾਗਤ ਕੀਤਾ ਗਿਆ। ਮੁੱਖ ਮਹਿਮਾਨ ਐਲੀ ਸੁਭਾਸ਼ ਮੰਗਲਾ ਨੇ ਪੀ.ਐਸ.ਟੀ. ਦੇ ਅਧਿਕਾਰਾਂ ਬਾਰੇ ਦੱਸਿਆ ਅਤੇ ਟ੍ਰੇਨਿੰਗ ਦਿੰਦੇ ਹੋਏ ਓਹਨਾ ਕਿਹਾ ਕੇ ਕਲੱਬ ਦੇ ਸਾਰੇ ਮੈਂਬਰਾਂ ਅਤੇ ਅਹੁਦੇਦਾਰਾਂ ਨੂੰ ਰਲ ਕੇ ਦਿਨ ਰਾਤ ਮਿਹਨਤ ਕਰਨੀ ਹੋਵੇਗੀ ਅਤੇ ਸਮਾਜ ਭਲਾਈ ਦੇ ਕੰਮ ਕਰਦੇ ਰਹਿਣਾ ਹੋਵੇਗਾ। ਸਟੇਜ ਦੀ ਭੂਮਿਕਾ ਐਲੀ ਜਤਿੰਦਰ ਚਾਵਲਾ ਅਤੇ ਐਲੀ ਗਗਨਦੀਪ ਜਿੰਦਲ ਦੁਆਰਾ ਬਾਖੂਬੀ ਨਿਭਾਈ। ਮੀਟਿੰਗ ਦੌਰਾਨ ਅਲਾਇੰਸ ਕਲੱਬ ਦਾ ਮੈਗਜ਼ੀਨ ਸਿੰਦੂਰ 2025, ਬੇਟੀ ਬਚਾਓ ਬੇਟੀ ਪੜ੍ਹਾਓ, ਡੇਂਗੂ ਜਾਗਰਤਾ ਦੇ ਪੋਸਟਰ ਰਿਲੀਜ਼ ਕੀਤੇ ਗਏ ਅਤੇ ਪਹੁੰਚੇ ਹੋਏ ਸਾਰੇ ਐਲੀ ਮੈਂਬਰਾਂ ਨੇ ਸਿੰਦੂਰ 2025 ਦੇ ਚੀਫ ਐਡੀਟਰ ਅਤੇ ਵਾਈਸ ਜਿਲ੍ਹਾ ਗਵਰਨਰ ਐਲੀ ਓਮ ਪ੍ਰਕਾਸ਼ ਗੋਇਲ ਨੂੰ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਐਲੀ ਗੋਇਲ ਦੁਆਰਾ ਆਏ ਹੋਏ ਸਾਰੇ ਡੇਲੀਗੇਟ ਦਾ ਮੀਟਿੰਗ ਵਿੱਚ ਪਹੁੰਚਣ 'ਤੇ ਧੰਨਵਾਦ ਕੀਤਾ ਗਿਆ। ਐਲੀ ਮਨਜਿੰਦਰ ਸਿੰਘ ਮਦਾਨ ਦੁਆਰਾ ਸਾਰੇ ਐਲੀ ਮੈਂਬਰਾਂ ਨੂੰ ਬੇਨਤੀ ਕੀਤੀ ਗਈ ਕੇ ਬਲੱਡ ਡੋਨੇਸ਼ਨ, 'ਬੇਟੀ ਬਚਾਓ-ਬੇਟੀ ਪੜ੍ਹਾਓ', ਵਾਤਾਵਰਨ ਨੂੰ ਬਚਾਉਣ ਲਈ ਵੱਧ ਤੋਂ ਵੱਧ ਪੌਦੇ ਲਾਉਣ ਵਰਗੇ ਸਮਾਜਿਕ ਕੰਮ ਕਰਦੇ ਰਹੋ ਤਾਂ ਜ਼ੋ ਸਮਾਜ ਦਾ ਭਲਾ ਹੋ ਸਕੇ ਅਤੇ ਓਹਨਾ ਦੁਆਰਾ ਇਹ ਵੀ ਕਿਹਾ ਗਿਆ ਕਿ ਜਲਦੀ ਹੀ ਅਗਲੀ ਮੀਟਿੰਗ ਕਿਸੇ ਹਿੱਲ ਸਟੇਸ਼ਨ ਉੱਪਰ ਕਰਵਾਈ ਜਾਵੇਗੀ। ਐਲੀ ਸੁਭਾਸ਼ ਮੰਗਲਾ ਨੇ ਜੈਤੋ ਦੇ ਨਵੇਂ ਬਣੇ ਕਲੱਬ ਦੇ ਪ੍ਰਧਾਨ ਐਲੀ ਅਮਰੀਕ ਸਿੰਘ ਬਰਾੜ ਨੂੰ ਵਧਾਈ ਦਿੱਤੀ ਗਈ ਅਤੇ ਚਾਰਟਰ ਸਰਟੀਫਿਕੇਟ ਨਾਲ ਨਵਾਜਿਆ ਗਿਆ। ਅਲਾਇੰਸ ਕਲੱਬ ਕੋਟਕਪੂਰਾ ਸਿਟੀ 111 ਦੇ ਪ੍ਰਧਾਨ ਐਲੀ ਮਨਤਾਰ ਸਿੰਘ ਮੱਕੜ, ਮਨਦੀਪ ਸਿੰਘ ਸਰਾਂ ਅਤੇ ਐਲੀ ਚੰਦਰ ਪ੍ਰਕਾਸ਼ ਅਰੋੜਾ ਦੁਆਰਾ ਆਏ ਹੋਏ ਸਾਰੇ ਐਲੀ ਮੈਂਬਰਾਂ ਨੂੰ ਸੁੰਦਰ ਸੁੰਦਰ ਗਿਫ਼ਟ ਦਿੱਤੇ ਗਏ। ਇਸ ਮੌਕੇ ਉਪਰੋਕਤ ਤੋਂ ਇਲਾਵਾ ਹੇਠ ਲਿਖੇ ਮੈਂਬਰ ਮਾਜੂਦ ਸਨ ਐਲੀ ਸਤਿੰਦਰ ਸਚਦੇਵਾ, ਐਲੀ ਸੁਰਿੰਦਰ ਗਿਰਧਰ, ਐਲੀ ਬਲਵਿੰਦਰ ਸਿੰਘ, ਐਲੀ ਰਾਜ ਕੁਮਾਰ ਨਾਰੰਗ, ਐਲੀ ਜਗਦੀਸ਼ ਬਾਂਸਲ, ਐਲੀ ਰਮੇਸ਼ ਅਹੂਜਾ, ਐਲੀ ਅਸ਼ੋਕ ਛਾਬੜਾ, ਐਲੀ ਸੰਜਨਾ, ਐਲੀ ਰਜਨੀ, ਐਲੀ ਨੰਦਨੀ ਇਸ ਤੋਂ ਇਲਾਵਾ ਸਾਰੇ ਕਲੱਬਾਂ ਦੇ ਪ੍ਰਧਾਨ, ਸਕੱਤਰ, ਕੈਸ਼ੀਅਰ ਅਤੇ ਪੀ.ਆਰ.ਓ. ਨੇ ਵੀ ਸ਼ਿਰਕਤ ਕੀਤੀ।

## ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ ਵੱਲੋਂ ਕਨੇਡਾ-ਡੇ ਸਮਾਗਮ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 8 ਜੁਲਾਈ : ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ ਵੱਲੋਂ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਅਵਤਾਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿਚ ਕਨੇਡਾ ਦਾ ਝੰਡਾ ਲਹਿਰਾਇਆ ਗਿਆ ਅਤੇ 'ਓ ਕੈਨੇਡਾ' (O CANADA) ਦੇ ਸੰਗੀਤ ਨਾਲ ਸਾਰਾ ਹਾਲ ਗੂੰਜ ਉੱਠਿਆ।

ਅਜਮੇਰ ਸਿੰਘ ਵਕੀਲ ਅਤੇ ਬੇਅੰਤ ਸਿੰਘ ਢਿੱਲੋਂ ਨੇ ਕਨੇਡਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਕਵੀ ਦਰਬਾਰ ਵੀ ਹੋਇਆ ਜਿਸ ਵਿਚ ਅਮਰੀਕ ਸਿੰਘ ਲੇਹਲ, ਹਰਚੰਦ ਸਿੰਘ ਗਿੱਲ, ਦਵਿੰਦਰ ਕੌਰ ਜੋਹਲ, ਮਨਜੀਤ ਸਿੰਘ ਮੱਲ੍ਹਾ ਨੇ ਖੂਬ ਰੰਗ ਬੰਨਿਆ। ਸਵ. ਗੁਰਮੇਜ ਸਿੰਘ ਜੌਹਲ ਦੇ ਭਰਾ ਅਮਰਜੀਤ ਸਿੰਘ ਜੌਹਲ ਅਤੇ ਨੂੰਹ ਰਾਣੀ ਕੁਲਵਿੰਦਰ ਕੌਰ ਜੌਹਲ ਅਤੇ ਗੁਰਮੀਤ ਕੌਰ ਜੌਹਲ ਵੱਲੋਂ ਹਰ ਸਾਲ ਦੀ ਤਰ੍ਹਾਂ ਸੀਨੀਅਰ ਸੈਂਟਰ ਵਾਸਤੇ ਚਾਹ ਅਤੇ ਖਾਣ ਪੀਣ ਦਾ ਪ੍ਰਬੰਧ ਕੀਤਾ ਗਿਆ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਹਰਚੰਦ ਸਿੰਘ ਗਿੱਲ ਨੇ ਨਿਭਾਈ। ਅੰਤ ਵਿਚ ਜਨਰਲ ਸਕੱਤਰ ਕਿਰਪਾਲ ਸਿੰਘ ਜੌਹਲ ਨੇ ਸਭਨਾਂ ਮੈਂਬਰਾਂ ਦਾ ਧੰਨਵਾਦ ਕੀਤਾ।

## ਜਗਜੀਤ ਨੌਸ਼ਹਿਰਵੀ ਦੇ ਕਾਵਿ-ਸੰਗ੍ਰਹਿ 'ਹਾਲ ਉਥਾਈਂ ਕਹੀਏ' ਉੱਪਰ ਵਿਚਾਰ ਚਰਚਾ 13 ਜੁਲਾਈ ਨੂੰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਹੇਵਰਡ, 8 ਜੁਲਾਈ : ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਕੈਲੀਫੋਰਨੀਆ ਵੱਲੋਂ 13 ਜੁਲਾਈ 2025 (ਐਤਵਾਰ) ਨੂੰ ਹੇਵਰਡ ਵਿਖੇ ਵਿਸ਼ੇਸ਼ ਸਾਹਿਤਕ ਬੈਠਕ ਕੀਤੀ ਜਾ ਰਹੀ ਹੈ ਜਿਸ ਵਿੱਚ ਪੰਜਾਬੀ ਸ਼ਾਇਰ ਜਗਜੀਤ ਨੌਸ਼ਹਿਰਵੀ ਦੇ ਕਾਵਿ ਸੰਗ੍ਰਹਿ 'ਹਾਲ ਉਥਾਈਂ ਕਹੀਏ' ਉੱਪਰ ਵਿਚਾਰ ਗੋਸ਼ਟੀ ਕੀਤੀ ਜਾਏਗੀ। ਇਹ ਬੈਠਕ ਸੈਫਾਇਰ ਬੈਂਕੁਇਟ ਹਾਲ, 24989 Santa Clara St, Hayward, California ਵਿੱਚ ਦੁਪਹਿਰ 12 ਵਜੇ ਸ਼ੁਰੂ ਹੋਏਗੀ।

ਇਹ ਜਾਣਕਾਰੀ ਦਿੰਦਿਆਂ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਨੇ ਦੱਸਿਆ ਹੈ ਕਿ ਜਗਜੀਤ ਨੌਸ਼ਹਿਰਵੀ ਲੰਮੇਂ ਸਮੇਂ ਤੋਂ ਪੰਜਾਬੀ ਸਾਹਿਤ ਨਾਲ ਜੁੜਿਆ ਹੋਇਆ ਹੈ। ਉਹ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ ਦਾ ਮੁੱਢਲਾ ਮੈਂਬਰ ਹੈ ਅਤੇ ਕਈ ਵਰ੍ਹਿਆਂ ਤੋਂ ਇਸ ਦੇ ਜਰਨਲ ਸਕੱਤਰ ਵੱਜੋਂ ਸੇਵਾਵਾਂ ਨਿਭਾਉਂਦਾ ਆ ਰਿਹਾ ਹੈ। 'ਹਾਲ ਉਥਾਈਂ ਕਹੀਏ' ਉਸ ਦਾ ਇਹ ਪਲੇਠਾ ਕਾਵਿ ਸੰਗ੍ਰਹਿ ਹੈ ਜਿਸ ਵਿੱਚ ਗ਼ਜ਼ਲਾਂ, ਗੀਤ ਅਤੇ ਕਵਿਤਾਵਾਂ ਸ਼ਾਮਲ ਹਨ। ਸਾਹਿਤਕ ਹਲਕਿਆਂ ਵਿੱਚ ਇਸ ਕਿਤਾਬ ਦਾ ਵਿਸ਼ੇਸ਼ ਚਰਚਾ ਹੈ। ਵਿਪਸਾਅ ਜਗਜੀਤ ਦੀ ਇਸ ਪ੍ਰਾਪਤੀ 'ਤੇ ਮਾਣ ਕਰਦੀ ਹੈ।

ਇਸ ਬੈਠਕ ਦੇ ਅੰਤ ਵਿੱਚ ਕਵੀ ਦਰਬਾਰ ਹੋਵੇਗਾ ਜਿਸ ਵਿਚ ਹਾਜਰ ਸ਼ਾਇਰ ਆਪਣੀਆਂ ਰਚਨਾਵਾਂ ਸਾਂਝੀਆਂ ਕਰਨਗੇ।

## ਪੰਜਾਬੀ ਮਾਂ ਬੋਲੀ ਦੀ ਮਿਠਾਸ ਭਰਪੂਰ ਰਿਹਾ ਮਾਨਸਰੋਵਰ ਸਾਹਿਤ ਅਕਾਦਮੀ ਵੱਲੋਂ ਕਰਵਾਇਆ ਜਾਂਦਾ ਪੰਜਾਬੀ ਕਵੀ ਦਰਬਾਰ- ਸੂਦ ਵਿਰਕ

ਵਰਲਡ ਪੰਜਾਬੀ ਟਾਈਮਜ਼ ਅਸ਼ੋਕ ਸ਼ਰਮਾ




ਫ਼ਗਵਾੜਾ 08 ਜੁਲਾਈ : ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 06 ਜੁਲਾਈ 2025 ਦਿਨ ਐਤਵਾਰ ਨੂੰ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕੁਲਵਿੰਦਰ ਕੌਰ ਢਿੱਲੋਂ, ਦਵਿੰਦਰ ਸਿੰਘ ਕਲੇਰ, ਹਰਜੀਤ ਕੌਰ ਧੀਮਾਨ, ਸੋਹਣ ਸਿੰਘ ਗੈਦੂ ਹੈਦਰਾਬਾਦ, ਪ੍ਰੋ. ਪੂਨਮ ਅੰਗੂਰਾਲਾ ਸ਼ਾਮਿਲ ਹੋਏ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਕੁਲਵਿੰਦਰ ਕੌਰ ਢਿੱਲੋਂ ਨੇ ਆਪਣੀ ਮਿਠਾਸ ਭਰਪੂਰ ਅਵਾਜ਼ ਵਿੱਚ ਗੀਤ ਤੇ ਗ਼ਜ਼ਲ ਸੁਣਾ ਕੇ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਸੋਹਣ ਸਿੰਘ ਗੈਦੂ ਅਤੇ ਪ੍ਰੋ. ਪੂਨਮ ਅੰਗੂਰਾਲਾ ਨੇ ਮਾਂ ਦੀ ਮਮਤਾ ਬਾਰੇ ਕਵਿਤਾਵਾਂ ਪੇਸ਼ ਕੀਤੀਆਂ। ਹਰਜੀਤ ਕੌਰ ਧੀਮਾਨ ਨੇ ਵੀ ਸਕੂਲ ਦੇ ਬੱਚਿਆਂ ਲਈ ਸੇਧ ਵਰਧਕ ਕਵਿਤਾਵਾਂ ਨਾਲ ਖੂਬ ਸਮਾਂ ਬੰਨ੍ਹਿਆ। ਦਵਿੰਦਰ ਸਿੰਘ ਕਲੇਰ ਨੇ ਵੀ ਬਦਲ ਰਹੀਆਂ ਆਪਸੀ ਕਦਰਾਂ ਕੀਮਤਾਂ ਬਾਰੇ ਕਵਿਤਾਵਾਂ ਨਾਲ ਹਾਜ਼ਰੀ ਭਰੀ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਅਖੀਰ ਸੰਚਾਲਕ ਸੂਦ ਵਿਰਕ ਨੇ ਔਰਤ ਦੇ ਹੱਕਾਂ ਬਾਰੇ ਸੁਨੇਹਾ ਦਿੱਤਾ।

## ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੀ ਮਾਸਿਕ ਇਕੱਤਰਤਾ ਹੋਈ

ਵਰਲਡ ਪੰਜਾਬੀ ਟਾਈਮਜ਼



ਫ਼ਰੀਦਕੋਟ 8 ਜੁਲਾਈ : ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੀ ਮਾਸਿਕ ਇਕੱਤਰਤਾ ਮਿਤੀ 6 ਜੁਲਾਈ 2025 ਦਿਨ ਐਤਵਾਰ ਨੂੰ ਕਰਨਲ ਬਲਬੀਰ ਸਿੰਘ ਸਰਾਂ ਦੀ ਪ੍ਰਧਾਨਗੀ ਹੇਠ ਸਥਾਨਕ ਪੈਨਸ਼ਨ ਭਵਨ ਫ਼ਰੀਦਕੋਟ ਨਜ਼ਦੀਕ ਹੁੱਕੀ ਚੌਂਕ ਵਿਖੇ ਹੋਈ। ਜਿਸ ਵਿੱਚ ਤਕਰੀਬਨ ਦੋ ਦਰਜਨ ਲੇਖਕਾਂ ਨੇ ਭਾਗ ਲਿਆ। ਜਿਨ੍ਹਾਂ ਵਿੱਚ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ , ਪ੍ਰੋ. ਪਾਲ ਸਿੰਘ ਪਾਲ, ਇਕਬਾਲ ਘਾਰੂ, ਦਰਸ਼ਨ ਸਿੰਘ ਰੋਮਾਣਾ, ਸੁਰਿੰਦਰਪਾਲ ਸ਼ਰਮਾ ਭਲੂਰ, ਪ੍ਰਿੰ. ਕ੍ਰਿਸ਼ਨ ਲਾਲ ਬਕੋਲੀਆ, ਪ੍ਰਿੰ. ਜੋਗਿੰਦਰ ਸਿੰਘ , ਬਲਵੰਤ ਰਾਏ ਗੱਖੜ , ਮੁਖਤਿਆਰ ਸਿੰਘ ਵੰਗੜ, ਸੁਖਚੈਨ ਸਿੰਘ ਥਾਂਦੇਵਾਲ, ਸੁਖਦੇਵ ਸਿੰਘ ਮਚਾਕੀ, ਸਾਧੂ ਸਿੰਘ ਚਮੇਲੀ, ਸਤਪਾਲ ਸਿੰਘ ਸੋਹਲ, ਇੰਦਰਜੀਤ ਸਿੰਘ ਖੀਵਾ, ਧਰਮ ਪ੍ਰਵਾਨਾ, ਹਰਸੰਗੀਤ ਸਿੰਘ ਗਿੱਲ, ਪਰਮਜੀਤ ਸਿੰਘ ਆਦਿ ਲੇਖਕ ਹਾਜ਼ਰ ਸਨ। ਸਭਾ ਨੇ ਸਭ ਤੋਂ ਪਹਿਲਾਂ ਕੁਝ ਸ਼ੋਕ ਮਤੇ ਪਾਏ ਜਿਨ੍ਹਾਂ ਵਿੱਚ ਪੰਜਾਬੀ ਸਾਹਿਤ ਦੀ ਜਾਣੀ ਪਹਿਚਾਣੀ ਸ਼ਖ਼ਸੀਅਤ ਅਤੇ ਪ੍ਰਸਿੱਧ ਕਵਿੱਤਰੀ ਭੁਪਿੰਦਰ ਕੌਰ ਪ੍ਰੀਤ ( ਮੁਕਤਸਰ) ਦੇ ਮਾਤਾ ਜੀ ਦੇ ਅਕਾਲ ਚਲਾਣੇ ਅਤੇ ਪ੍ਰਸਿੱਧ ਕਵੀ ਮਾਸਟਰ ਸੁੰਦਰਪਾਲ ਪ੍ਰੇਮੀ( ਜੈਤੋ) ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਜੰਮੂ ਕਸ਼ਮੀਰ ਦੇ ਪਹਿਲਗਾਮ ਦੀ ਧਰਤੀ ਤੇ ਹੋਈ ਦਰਦਨਾਕ ਘਟਨਾ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਇਸ ਉਪਰੰਤ ਸ਼ਬਦ ਦਾਨੀ ਅਤੇ ਪ੍ਰਸਿੱਧ ਕਵੀ ਮੁਖਤਿਆਰ ਸਿੰਘ ਵੰਗੜ ਨੂੰ ਰੋਜ਼ਾਨਾ ਅਜੀਤ ਵਿੱਚ ਉਨ੍ਹਾਂ ਦੇ ਕਲਮੀ ਸਫ਼ਰ ਬਾਰੇ ਪ੍ਰਕਾਸ਼ਿਤ ਹੋਏ ਆਰਟੀਕਲ ਦੀ ਵਧਾਈ ਦਿੱਤੀ ਗਈ ਜਿਸ ਨੂੰ ਪ੍ਰਸਿੱਧ ਪੱਤਰਕਾਰ ਜਸਵੰਤ ਪੁਰਬਾ ਜੀ ਦੁਆਰਾ ਲਗਾਇਆ ਗਿਆ ਹੈ। ਸਭਾ ਵੱਲੋਂ ਪ੍ਰਸਿੱਧ ਕਵੀ ਪ੍ਰੋ. ਪਾਲ ਸਿੰਘ ਪਾਲ ਦੇ ਸਿਹਤਯਾਬ ਹੋਣ ਖੁਸ਼ੀ ਪ੍ਰਗਟ ਕੀਤੀ ਗਈ। ਇਸ ਉਪਰੰਤ ਸਭਾ ਵੱਲੋਂ ਮਰਹੂਮ ਲੇਖਕ ਜੋਰਾ ਸਿੰਘ ਸੰਧੂ ( ਕਹਾਣੀਕਾਰ) ਕੋਟਕਪੂਰਾ ਦੇ ਨਵ ਪ੍ਰਕਾਸ਼ਿਤ ਨਾਵਲ " ਡੁੱਲ੍ਹੇ ਹੋਏ ਬੇਰ" ਦੀ ਘੁੰਡ ਚੁਕਾਈ ਹੋਣ ਤੇ ਖੁਸ਼ੀ ਪ੍ਰਗਟ ਕੀਤੀ ਗਈ। ਸਭਾ ਨੂੰ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਵੱਲੋਂ ਦੱਸਿਆ ਗਿਆ ਕਿ ਇਸ ਨਾਵਲ ਛਪਣ ਦਾ ਸੇਹਰਾ ਮਰਹੂਮ ਜੋਰਾ ਸਿੰਘ ( ਕਹਾਣੀਕਾਰ) ਦੇ ਦੋਹਤੇ ਨਵਦੀਪ ਸਿੰਘ ਨੂੰ ਜਾਂਦਾ ਹੈ ਜੋ ਕਿ ਬਾਹਰਲੇ ਮੁਲਕ ਵਿੱਚ ਰਹਿ ਰਿਹਾ ਹੈ ਅਤੇ ਉਸ ਨੇ ਆਪਣੇ ਨਾਨਾ ਜੀ ਪੁਸਤਕ ਦਾ ਖਰਚਾ ਮੰਗਵਾ ਕੇ ਛਪਵਾਇਆ ਹੈ ਅਤੇ ਜੈਤੋ ਵਿਖੇ ਇੱਕ ਭਾਰੀ ਸਾਹਿਤਕ ਇਕੱਠ ਵਿੱਚ ਲੋਕ ਅਰਪਣ ਕਰਵਾਇਆ ਹੈ। ਅਖੀਰ ਵਿੱਚ ਸਾਰੇ ਲੇਖਕਾਂ ਨੇ ਆਪਣੀਆਂ ਪੇਸ਼ ਕੀਤੀਆਂ। ਇਸ ਉਪਰੰਤ ਇੰਨ੍ਹਾਂ ਰਚਨਾਵਾਂ ਤੇ ਵਿਚਾਰ ਚਰਚਾ ਵੀ ਕੀਤੀ ਗਈ।

## ਭਾਰਤੀ ਧਰਮਾਂ ਦਾ ਉੱਥਾਨ ਕਿਵੇਂ ਹੋਵੇ?

ਵਰਲਡ ਪੰਜਾਬੀ ਟਾਈਮਜ਼
ਠਾਕੁਰ ਦਲੀਪ ਸਿੰਘ



ਭਾਜਪਾ ਦੀ ਸਰਕਾਰ ਆਉਣ ਨਾਲ, ਭਾਰਤਵਾਸੀਆਂ ਨੂੰ ਪ੍ਰਤੱਖ ਰੂਪ ਵਿੱਚ ਇਹ ਲਾਭ ਹੋਇਆ ਹੈ ਕਿ ਭਾਰਤੀ ਧਰਮਾਂ ਦੀ ਸੁਰੱਖਿਆ ਲਈ ਅਤੇ ਵਿਦੇਸ਼ੀ ਧਰਮਾਂਤਰਣ ਦੇ ਵਿਰੁੱਧ ਕੁਝ ਜਾਗਰੂਕਤਾ ਆਈ ਹੈ। ਪਰੰਤੂ, ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਵਿਦੇਸ਼ੀਆਂ ਨੇ ਸਾਡੇ ਦੇਸ਼ ਵਿੱਚ ਆ ਕੇ, ਧਰਮਾਂਤਰਣ ਕਰ ਕਿਵੇਂ ਲਿਆ? ਸਾਡੇ ਦੇਸ਼ ਦੇ ਚਾਰ ਮੁੱਖ ਧਰਮ ਹਨ, ਜੋ ਭਾਰਤੀ ਸੰਸਕ੍ਰਿਤੀ ਤੋਂ ਉਪਜੇ ਹਨ: ਹਿੰਦੂ, ਸਿੱਖ, ਜੈਨ ਅਤੇ ਬੁੱਧ। ਇਨ੍ਹਾਂ ਚਾਰਾਂ ਧਰਮਾਂ ਦਾ ਮੂਲ ਸਿਧਾਂਤ 'ਇੱਕ' ਹੈ। ਫਿਰ ਵੀ ਇਹ ਚਾਰੇ ਧਰਮ ਦਿਨ-ਪ੍ਰਤੀ-ਦਿਨ ਘੱਟਦੇ ਜਾ ਰਹੇ ਹਨ ਅਤੇ ਵਿਦੇਸ਼ੀ ਧਰਮ ਵੱਧ ਰਹੇ ਹਨ, ਇਸ ਦੇ ਪਿੱਛੇ ਕੀ ਕਾਰਨ ਹੈ?

ਭਾਜਪਾ ਸਰਕਾਰ ਦੇ ਆਉਣ ਨਾਲ ਭਾਰਤੀ ਧਰਮਾਂ ਵਿੱਚ ਸ੍ਵੈ-ਰੱਖਿਆ ਲਈ ਕੁਝ ਜਾਗਰੂਕਤਾ ਆਈ ਹੈ। ਪਰੰਤੂ, ਜਦੋਂ ਤੱਕ ਅਸੀਂ ਚਾਰੇ ਧਰਮਾਂ ਵਾਲੇ ਆਪ ਜਾਗਰੂਕ ਹੋ ਕੇ, ਧਰਮਾਂਤਰਣ ਹੋਏ ਲੋਕਾਂ ਨੂੰ ਵਾਪਸ ਲਿਆਉਣਾ ਸ਼ੁਰੂ ਨਹੀਂ ਕਰਦੇ ਅਤੇ ਆਪਣੇ ਧਰਮਾਂ ਨੂੰ ਵਧਾਉਣਾ ਸ਼ੁਰੂ ਨਹੀਂ ਕਰਦੇ; ਉਦੋਂ ਤੱਕ ਭਾਜਪਾ ਸਰਕਾਰ ਅਤੇ ਉਨ੍ਹਾਂ ਦੇ ਕਾਨੂੰਨ ਕੀ ਕਰ ਲੈਣ ਗੇ?

ਵਿਚਾਰਨ ਦੀ ਲੋੜ ਹੈ: ਅੱਜ ਤੱਕ ਅਸੀਂ ਸੁੱਤੇ ਕਿਉਂ ਰਹੇ ਹਾਂ? ਸਾਡੇ ਦੇਸ਼ ਵਿੱਚ, ਸਾਡੇ ਹੀ ਧਰਮਾਂ ਦੀ ਗਿਣਤੀ ਘੱਟ ਹੁੰਦੀ ਜਾ ਰਹੀ ਹੈ ਅਤੇ ਵਿਦੇਸ਼ੀ ਧਰਮ ਵੱਧ ਰਹੇ ਹਨ। ਲੋਕ ਵਿਦੇਸ਼ੀ ਧਰਮਾਂ ਵਿੱਚ ਜਾ ਰਹੇ ਹਨ। ਕਿਉਂ?.. ਜਦੋਂ ਤੱਕ ਕਾਰਨ ਦੂਰ ਨਹੀਂ ਹੁੰਦਾ, ਉਦੋਂ ਤੱਕ ਉਸ ਦਾ ਨਿਵਾਰਣ ਵੀ ਨਹੀਂ ਹੋ ਸਕਦਾ। ਜਿਵੇਂ: ਕੋਈ ਵਿਸ਼ੇਸ਼ ਵਸਤੂ ਖਾਣ ਨਾਲ, ਕਿਸੇ ਵਿਅਕਤੀ ਦੇ ਢਿੱਡ-ਪੀੜ ਹੋ ਰਹੀ ਹੈ। ਜਦੋਂ ਤੱਕ ਉਹ ਵਿਅਕਤੀ, ਪੀੜ ਪੈਦਾ ਕਰਨ ਵਾਲੀ ਉਸ ਵਸਤੂ ਨੂੰ ਖਾਣਾ ਨਹੀਂ ਛੱਡੇਗਾ; ਉਦੋਂ ਤੱਕ ਵਧੀਆ ਤੋਂ ਵਧੀਆ ਔਸ਼ਧੀ ਨਾਲ ਵੀ, ਉਸ ਦੀ ਢਿੱਡ-ਪੀੜ ਘੱਟ ਜਾਂ ਸਮਾਪਤ ਨਹੀਂ ਹੋ ਸਕਦੀ। ਇਸੇ ਤਰ੍ਹਾਂ, ਧਰਮਾਂਤਰਣ ਰੋਕਣ ਉਪਰੰਤ ਹੀ, ਧਰਮ-ਉੱਥਾਨ ਹੋ ਸਕਦਾ ਹੈ।

ਭਾਰਤੀ ਧਰਮ-ਉੱਥਾਨ ਲਈ, ਸਭ ਤੋਂ ਪਹਿਲਾਂ ਤਾਂ ਧਰਮਾਂਤਰਣ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰ ਕੇ ਜਾਣਨਾ ਅਤੇ ਉਨ੍ਹਾਂ ਦਾ ਨਿਵਾਰਣ ਕਰਨਾ: ਅਤਿਅੰਤ ਜ਼ਰੂਰੀ ਹੈ। ਜਿਸ ਲਈ, ਮੈਂ ਸੰਖੇਪ ਵਿੱਚ ਕੁਝ ਸੁਝਾਅ ਪੇਸ਼ ਕਰ ਰਿਹਾ ਹਾਂ। ਸਭ ਤੋਂ ਪਹਿਲਾਂ, ਧਰਮਾਂਤਰਣ ਦੇ ਮੁੱਖ ਕਾਰਨ ਹੇਠ ਲਿਖੇ ਹਨ:-

1. ਅਸੀਂ ਆਪਣੇ ਧਰਮ ਦੇ ਲੋਕਾਂ ਨੂੰ ਨਹੀਂ ਸੰਭਾਲਿਆ। ਭਾਵ: ਆਪਣੇ ਗਰੀਬ ਭੈਣ-ਭਰਾਵਾਂ ਦੀਆਂ ਲੋੜਾਂ ਪੂਰੀਆਂ ਨਹੀਂ ਕੀਤੀਆਂ। ਅਸੀਂ ਭਾਰਤੀ ਧਰਮਾਂ ਵਾਲਿਆਂ ਨੇ ਆਪਣੇ-ਆਪਣੇ ਮੰਦਿਰਾਂ ਵਿੱਚ ਕਥਾ-ਕੀਰਤਨ ਕੀਤਾ ਅਤੇ ਵਧੀਆ ਕੀਮਤੀ ਪ੍ਰਸ਼ਾਦ ਵੰਡਿਆ ਅਤੇ ਖਾਧਾ; ਪਰੰਤੂ ਬਾਹਰ ਨਿਕਲ ਕੇ ਆਪਣੇ ਧਰਮ ਦਾ ਪ੍ਰਚਾਰ-ਪ੍ਰਸਾਰ ਨਹੀਂ ਕੀਤਾ।

2. ਜੇ ਕੋਈ ਵਿਦੇਸ਼ੀ ਧਰਮਾਂ ਵਾਲੇ ਸਾਡੇ ਧਰਮ ਵਿੱਚ ਸ਼ਾਮਲ ਹੋਣਾ ਵੀ ਚਾਹੁੰਦੇ ਸਨ, ਤਾਂ ਸਾਡੇ ਧਰਮ-ਆਚਾਰੀਆਂ ਨੇ ਉਨ੍ਹਾਂ ਨੂੰ ਆਪਣੇ ਧਰਮ ਵਿੱਚ ਸ਼ਾਮਲ ਕਰਨ ਤੋਂ ਮਨ੍ਹਾ ਕਰ ਦਿੱਤਾ। ਇਤਿਹਾਸ ਗਵਾਹ ਹੈ ਕਿ 1320 ਵਿੱਚ, ਜਦੋਂ ਲੱਦਾਖ ਦਾ ਰਾਜਾ ਰਿਨਚਿਨ, ਕਸ਼ਮੀਰ ਵਿੱਚ 'ਹਿੰਦੂ' ਬਣਨ ਆਇਆ; ਤਾਂ ਸਾਡੇ ਧਰਮ-ਆਚਾਰੀਆ 'ਦੇਵ ਸਵਾਮੀ' ਨੇ ਉਸ ਨੂੰ ਦੀਖਿਆ ਦੇਣ ਤੋਂ ਮਨ੍ਹਾ ਕਰ ਦਿੱਤਾ ਅਤੇ ਉਸ ਨੂੰ 'ਹਿੰਦੂ' ਨਹੀਂ ਬਣਾਇਆ। ਉਹ ਮੁਸਲਮਾਨਾਂ ਦੇ ਪੀਰ, ਬੁਲਬੁਲ ਸ਼ਾਹ ਕੋਲ ਚਲਾ ਗਿਆ, ਜਿਸ ਨੇ ਰਿਨਚਿਨ ਨੂੰ 'ਮੁਸਲਮਾਨ' ਬਣਾ ਲਿਆ। ਇਸਲਾਮ ਗ੍ਰਹਿਣ ਕਰਦੇ ਹੀ, ਉਸ ਨੇ ਕਸ਼ਮੀਰ ਦਾ ਵੱਡਾ ਭਾਗ 'ਮੁਸਲਮਾਨ' ਬਣਾ ਦਿੱਤਾ। ਜੋ ਕਸ਼ਮੀਰੀ ਹਿੰਦੂ, ਮੁਸਲਮਾਨ ਨਹੀਂ ਬਣੇ; ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਕਸ਼ਮੀਰ ਦੇ ਮੁਸਲਮਾਨਾਂ ਨੇ 600 ਸਾਲ ਪਹਿਲਾਂ, ਮਹਾਰਾਜਾ ਗੁਲਾਬ ਸਿੰਘ ਦੀ ਸ਼ਰਨ ਵਿੱਚ ਬੇਨਤੀ ਕੀਤੀ "ਮੁਸਲਮਾਨ ਰਾਜ ਦੀ ਮਜਬੂਰੀ ਵਿੱਚ, ਸਾਨੂੰ 'ਮੁਸਲਮਾਨ' ਬਣਨਾ ਪਿਆ ਸੀ। ਹੁਣ ਅਸੀਂ ਦੁਬਾਰਾ 'ਹਿੰਦੂ' ਬਣਨਾ ਚਾਹੁੰਦੇ ਹਾਂ"। ਜਦੋਂ ਮਹਾਰਾਜਾ ਨੇ ਹਿੰਦੂਆਂ ਤੋਂ ਮੁਸਲਮਾਨ ਬਣ ਚੁੱਕੇ ਲੋਕਾਂ ਨੂੰ, ਦੁਬਾਰਾ ਹਿੰਦੂ ਧਰਮ ਵਿੱਚ ਅਪਣਾਉਣ ਦੀ ਬੇਨਤੀ, ਕਸ਼ਮੀਰ ਸਥਿਤ ਹਿੰਦੂ ਆਚਾਰੀਆਂ ਨੂੰ ਕੀਤੀ; ਤਾਂ ਆਚਾਰੀਆਂ ਨੇ ਮਨ੍ਹਾ ਕਰ ਦਿੱਤਾ। ਉਨ੍ਹਾਂ ਕਿਹਾ "ਜੇ ਹਿੰਦੂਆਂ ਤੋਂ ਮੁਸਲਮਾਨ ਬਣ ਚੁੱਕੇ ਲੋਕਾਂ ਨੂੰ, ਫਿਰ ਤੋਂ 'ਹਿੰਦੂ' ਬਣਾਇਆ ਗਿਆ; ਤਾਂ ਅਸੀਂ ਜੇਹਲਮ ਨਦੀ ਵਿੱਚ ਡੁੱਬ ਕੇ ਆਪਣੇ ਪ੍ਰਾਣ ਤਿਆਗ ਦੇਵਾਂਗੇ ਅਤੇ ਤੁਹਾਨੂੰ 'ਬ੍ਰਹਮ ਹੱਤਿਆ' ਦਾ ਪਾਪ ਲੱਗੇਗਾ।" ਮਹਾਰਾਜਾ ਡਰ ਗਿਆ। ਇਸ ਤਰ੍ਹਾਂ, ਸਾਡੇ ਆਚਾਰੀਆਂ ਦੀ ਸੰਕੀਰਨ ਸੋਚ ਕਾਰਨ, ਹਿੰਦੂ ਤੋਂ ਮੁਸਲਮਾਨ ਬਣੇ ਲੋਕ, ਵਾਪਸ 'ਹਿੰਦੂ' ਨਾ ਬਣ ਸਕੇ।

3. ਛੂਤ-ਛਾਤ ਦੇ ਕਾਰਨ ਵੀ, ਅਸੀਂ ਲੋਕਾਂ ਨੂੰ ਆਪਣੇ ਨਾਲ ਨਹੀਂ ਮਿਲਾਇਆ ਅਤੇ ਉਨ੍ਹਾਂ ਨੂੰ ਆਪਣੇ ਤੋਂ ਦੂਰ ਕੀਤਾ। ਜਿਸ ਕਾਰਨ, ਸਾਡੇ ਧਰਮਾਂ ਦੇ ਅਨੁਯਾਈਆਂ ਦੀ ਗਿਣਤੀ ਘੱਟ ਗਈ। ਵਿਸ਼ੇਸ਼ ਰੂਪ ਵਿੱਚ ਹਿੰਦੂਆਂ ਨੇ, ਜਿਨ੍ਹਾਂ 'ਅਛੂਤ' ਆਖੇ ਜਾਂਦੇ ਲੋਕਾਂ ਨੂੰ ਦੂਰ ਕੀਤਾ ਸੀ; ਉਹਨਾਂ ਨੂੰ ਈਸਾਈ ਅਤੇ ਇਸਲਾਮ ਧਰਮ ਵਾਲਿਆਂ ਨੇ, ਆਪਣੇ ਵਿੱਚ ਮਿਲਾ ਕੇ ਅਪਣਾ ਲਿਆ।

4. ਇਸੇ ਤਰ੍ਹਾਂ, ਬੁੱਧ ਧਰਮ ਤੋਂ ਬਿਨਾਂ ਬਾਕੀ ਭਾਰਤੀ ਧਰਮਾਂ ਦੇ ਵੱਡੇ ਆਚਾਰੀਆ, ਕਿਸੇ ਕਾਰਨ ਆਪਣੇ ਧਰਮ ਨੂੰ ਵਧਾਉਣ ਦਾ 'ਲਕਸ਼' ਹੀ ਤੈਅ ਨਹੀਂ ਕਰ ਪਾਏ। ਭਾਰਤੀ ਧਰਮ-ਆਚਾਰੀਆ ਨੇ ਇਹ ਤਾਂ ਤੈਅ ਕਰ ਲਿਆ ਕਿ "ਅਸੀਂ ਆਪਣਾ ਜਨਮ-ਮਰਨ ਨਿਵਾਰਣ ਕਰਨਾ ਹੈ ਅਤੇ ਚੌਰਾਸੀ ਲੱਖ ਜੂਨਾਂ ਵਿੱਚ ਵਾਪਸ ਨਹੀਂ ਆਉਣਾ।" ਪਰੰਤੂ, "ਅਸੀਂ ਆਪਣੇ ਧਰਮ ਨੂੰ ਵਧਾਉਣਾ ਕਿਵੇਂ ਹੈ?" ਇਹ ਲਕਸ਼ ਤਾਂ ਸਾਡੇ ਆਚਾਰੀਆਂ ਨੇ ਕਦੇ ਤੈਅ ਕੀਤਾ ਹੀ ਨਹੀਂ। ਇਸੇ ਕਾਰਨ, ਉਨ੍ਹਾਂ ਨੇ ਆਪਣੇ ਸ਼ਿਸ਼ਯ ਰਾਜਿਆਂ ਨੂੰ, ਆਪਣਾ ਧਰਮ ਫੈਲਾਉਣ ਦਾ ਆਦੇਸ਼ ਵੀ ਨਹੀਂ ਦਿੱਤਾ। ਦੁੱਖ ਦੀ ਗੱਲ ਹੈ: ਸਾਡੇ ਬਹੁਤੇ ਭਾਰਤੀ ਰਾਜਿਆਂ ਨੇ ਵੀ, ਆਪਣੇ ਧਰਮ ਨੂੰ ਪ੍ਰਫੁੱਲਿਤ ਕਰਨ ਦਾ, ਕੋਈ ਵਿਸ਼ੇਸ਼ ਯਤਨ ਨਹੀਂ ਕੀਤਾ। ਇੱਥੋਂ ਤਕ ਕਿ ਮਹਾਰਾਜਾ ਰਣਜੀਤ ਸਿੰਘ ਨੇ ਵੀ, ਸਿੱਖ ਪੰਥ ਨੂੰ ਵਧਾਉਣ ਵਾਸਤੇ, ਸਮਰਾਟ ਅਸ਼ੋਕ ਵਾਂਗ ਕੋਈ ਵਿਸ਼ੇਸ਼ ਉਪਰਾਲੇ ਨਹੀਂ ਕੀਤੇ।

5. ਸਾਡੇ ਚਾਰੇ ਧਰਮਾਂ ਦੇ ਹ੍ਰਾਸ ਦਾ ਇੱਕ ਕਾਰਨ ਇਹ ਵੀ ਹੈ ਕਿ ਅਸੀਂ ਆਪਣੇ ਮੰਦਿਰ-ਗੁਰਦੁਆਰਿਆਂ ਵਿੱਚ ਸੋਨਾ, ਚਾਂਦੀ ਅਤੇ ਕੀਮਤੀ ਪੱਥਰ ਆਦਿ ਉੱਤੇ ਬਹੁਤ ਪੈਸਾ ਲਗਾਉਂਦੇ ਹਾਂ। ਪਰੰਤੂ, ਉਸੇ ਪੈਸੇ ਨੂੰ ਆਪਣੇ ਗ਼ਰੀਬ ਭੈਣ-ਭਰਾਵਾਂ ਵਿੱਚ ਵੰਡ ਕੇ; ਉਨ੍ਹਾਂ ਦੀਆਂ ਲੋੜਾਂ ਪੂਰੀਆਂ ਨਹੀਂ ਕੀਤੀਆਂ, ਜੋ ਕਰਨੀਆਂ ਚਾਹੀਦੀਆਂ ਸਨ। ਕਿਉਂਕਿ, ਕਿਸੇ ਵੀ ਧਰਮ ਅਤੇ ਧਰਮ-ਅਸਥਾਨ ਦਾ ਵਿਸ਼ੇਸ਼ ਕਾਰਜ ਤਾਂ "ਆਪਣੇ ਆਸ-ਪਾਸ ਦੇ ਲੋਕਾਂ ਅਤੇ ਆਪਣੇ ਅਨੁਯਾਈਆਂ ਦਾ ਜੀਵਨ ਹਰ ਤਰ੍ਹਾਂ ਸੁਖੀ ਕਰਨਾ ਹੈ।" ਧਰਮ-ਅਸਥਾਨਾਂ ਵਿੱਚ ਲੋਕਾਂ ਦੁਆਰਾ ਦਿੱਤੀ ਮਾਇਆ ਲੋਕ-ਭਲਾਈ ਅਤੇ ਧਰਮ-ਪ੍ਰਚਾਰ ਹਿਤ ਲੱਗਣੀ ਚਾਹੀਦੀ ਹੈ। ਧਰਮ-ਅਸਥਾਨਾਂ ਵਿੱਚ ਵੱਡੀ ਮਾਤਰਾ ਵਿੱਚ ਸੋਨੇ-ਜਵਾਹਰਾਤ ਆਦਿ ਨੂੰ, ਭੰਡਾਰ ਦੇ ਰੂਪ ਵਿੱਚ ਸੰਭਾਲ ਕੇ ਰੱਖਣਾ: ਇਹ ਧਰਮ-ਕਰਮ ਨਹੀਂ। ਧਰਮ-ਕਰਮ ਹੈ: ਉਸ ਵਸਤੂ ਨਾਲ ਗ਼ਰੀਬਾਂ ਦੀ ਸਹਾਇਤਾ ਕਰਨੀ।

ਵਰਲਡ ਗੋਲਡ ਕੌਂਸਲ (World Gold Council) ਦੇ ਅਨੁਸਾਰ: ਪਦਮਨਾਭ ਸਵਾਮੀ ਮੰਦਿਰ, ਤਿਰੁਪਤੀ ਬਾਲਾਜੀ ਮੰਦਿਰ, ਜਗਨਨਾਥ ਮੰਦਿਰ, ਵੈਸ਼ਨੋ ਦੇਵੀ ਮੰਦਿਰ ਵਿੱਚ 40,00,000 ਕਿਲੋ ਸੋਨਾ ਰੱਖਿਆ ਹੋਇਆ ਹੈ। ਥਾਈਲੈਂਡ ਦੇ ਵਾਟ ਟ੍ਰੇਮਿਟ (Wat Traimit) ਮੰਦਿਰ ਵਿੱਚ 5500 ਕਿਲੋ ਦੀ ਮਹਾਤਮਾ ਬੁੱਧ ਦੀ ਸੋਨੇ ਦੀ ਪ੍ਰਤਿਮਾ/ਮੂਰਤੀ ਲਗਾਈ ਗਈ ਹੈ। ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੀ ਇਮਾਰਤ ਉੱਤੇ 750 ਕਿਲੋ ਸੋਨਾ ਲੱਗਾ ਹੋਇਆ ਹੈ। ਇਸ ਤੋਂ ਇਲਾਵਾ, ਉੱਥੇ ਸੋਨੇ ਦੇ ਬਣੇ ਛਤਰ, ਚੌਰ ਆਦਿ ਬਹੁਤ ਸਾਰੀਆਂ ਵਸਤਾਂ, ਭੰਡਾਰ ਦੇ ਰੂਪ ਵਿੱਚ ਸੰਚਿਤ ਕੀਤੀਆਂ ਗਈਆਂ ਹਨ। ਇਸੇ ਤਰ੍ਹਾਂ, ਸ਼੍ਰਵਣਬੇਲਗੋਲਾ, ਸ਼ੰਖੇਸ਼ਵਰ, ਪਾਵਾਪੁਰੀ, ਪਾਲੀਤਾਨਾ, ਮੁੰਬਈ ਸਥਿਤ ਜੈਨ ਮੰਦਰਾਂ ਵਿੱਚ ਕਈ ਸੌ ਕਿਲੋ ਸੋਨੇ ਦੇ ਛਤਰ, ਮੁਕਟ, ਰਥ ਆਦਿ ਦੇ ਭੰਡਾਰ ਸੰਚਿਤ ਹਨ।

ਭਾਵੇਂ ਧਰਮ-ਅਸਥਾਨ ਸੁੰਦਰ ਹੋਣੇ ਚਾਹੀਦੇ ਹਨ; ਪਰੰਤੂ, ਮੰਦਿਰ-ਗੁਰਦੁਆਰੇ ਵਿੱਚ ਸੋਨਾ-ਜਵਾਹਰਾਤ ਆਦਿ ਲਗਾ ਕੇ ਭਗਵਾਨ ਨੂੰ ਖੁਸ਼ ਕਰਨ ਵਾਲੇ ਸੱਜਣਾਂ ਨੂੰ ਇਹ ਵਿਚਾਰਨ ਦੀ ਲੋੜ ਹੈ: ਭਗਵਾਨ ਸ਼੍ਰੀ ਰਾਮ ਚੰਦਰ ਜੀ ਤਾਂ ਭੀਲਣੀ ਦੀ ਝੁੱਗੀ ਵਿੱਚ ਜਾ ਕੇ ਅਤੇ ਬੇਰ ਖਾ ਕੇ ਪ੍ਰਸੰਨ ਹੁੰਦੇ ਸਨ, ਭਗਵਾਨ ਕ੍ਰਿਸ਼ਨ ਜੀ ਬਿਦਰ ਦੀ ਝੁੱਗੀ ਵਿੱਚ ਜਾ ਕੇ ਅਲੂਣਾ ਸਾਗ ਖਾ ਕੇ ਪ੍ਰਸੰਨ ਸਨ, ਭਗਵਾਨ ਮਹਾਵੀਰ ਜੀ ਤਾਂ ਕੋਈ ਕੱਪੜਾ ਵੀ ਤਨ ਉੱਤੇ ਨਹੀਂ ਰੱਖਦੇ ਸਨ, ਭਗਵਾਨ ਬੁੱਧ ਜੀ ਕੇਵਲ ਇੱਕ ਕੱਪੜਾ ਹੀ ਪਹਿਨਦੇ ਸਨ, ਭਗਵਾਨ ਸਤਿਗੁਰੂ ਨਾਨਕ ਦੇਵ ਜੀ ਭਾਈ ਲਾਲੋ ਦੀ ਝੁੱਗੀ ਵਿੱਚ ਰਹਿ ਕੇ ਅਤੇ ਕੋਧਰੇ ਦੀ ਰੋਟੀ ਖਾ ਕੇ ਖੁਸ਼ ਹੁੰਦੇ ਸਨ। ਵਿਚਾਰ ਕਰੋ! ਅਸੀਂ ਸੋਨੇ-ਜਵਾਹਰਾਤ ਨਾਲ ਅਤੇ ਕੀਮਤੀ ਪਦਾਰਥਾਂ ਦੇ ਭੋਗ ਲਗਾ ਕੇ, ਕਿਸ ਭਗਵਾਨ ਨੂੰ ਖੁਸ਼ ਕਰਨ ਦਾ ਯਤਨ ਕਰ ਰਹੇ ਹਾਂ?

ਮੁੱਖ ਰੂਪ ਵਿੱਚ, ਇਨ੍ਹਾਂ ਉਪਰੋਕਤ ਕਾਰਨਾਂ ਕਰਕੇ ਹੀ, ਸਾਡੇ ਭਾਰਤੀ ਧਰਮਾਂ ਦਾ ਹ੍ਰਾਸ ਹੋ ਕੇ, ਸਾਡੇ ਧਰਮਾਂ ਦੇ ਅਨੁਯਾਈਆਂ ਦੀ ਗਿਣਤੀ ਘਟੀ ਹੈ ਅਤੇ ਉਨ੍ਹਾਂ ਦਾ ਵਿਦੇਸ਼ੀ ਧਰਮਾਂ ਵਿੱਚ ਧਰਮਾਂਤਰਣ ਹੋਇਆ ਹੈ। ਅਸੀਂ ਲੋਕਾਂ ਨੂੰ ਪ੍ਰੇਮ ਅਤੇ ਸੇਵਾ ਨਾਲ ਸੰਭਾਲਿਆ ਨਹੀਂ ਅਤੇ ਆਪਣੇ ਧਰਮ ਦਾ ਪ੍ਰਚਾਰ-ਪ੍ਰਸਾਰ ਨਹੀਂ ਕੀਤਾ। ਸਾਡੇ ਧਰਮਾਂ ਦੇ ਮੰਦਿਰ-ਗੁਰਦੁਆਰਿਆਂ ਵਿੱਚ ਪੈਸੇ ਦੀ ਕਮੀ ਨਹੀਂ। ਪਰੰਤੂ ਸਾਡੀ, ਆਪਣੇ ਧਰਮ ਨੂੰ ਪ੍ਰਫੁੱਲਿਤ ਕਰਨ ਵਾਲੀ ਸੋਚ ਵਿੱਚ ਕਮੀ ਰਹੀ ਹੈ। ਕਿਉਂਕਿ, ਅਸੀਂ ਆਪਣੇ ਧਰਮ ਨੂੰ ਪ੍ਰਫੁੱਲਿਤ ਕਰਨ ਦਾ ਲਕਸ਼ ਹੀ ਤੈਅ ਨਹੀਂ ਕੀਤਾ। ਲਕਸ਼ ਤੈਅ ਕਰਨਾ ਤਾਂ ਦੂਰ ਦੀ ਗੱਲ ਹੈ; ਆਪਣੇ ਧਰਮ ਨੂੰ ਪ੍ਰਫੁੱਲਿਤ ਕਰਨ ਦੀ ਸੋਚ ਹੀ ਨਹੀਂ ਬਣਾਈ। ਅਸੀਂ ਤਾਂ ਵੱਡੇ-ਵੱਡੇ ਰਾਜਿਆਂ ਨੂੰ ਉਪਦੇਸ਼ ਦਿੱਤੇ "ਰਾਜ-ਸੱਤਾ ਅਤੇ ਧਨ-ਪਦਾਰਥ: ਸਭ ਮਿਥਿਆ ਹਨ, ਇਹ ਤੁਹਾਨੂੰ ਨਹੀਂ ਰੱਖਣੇ ਚਾਹੀਦੇ। ਇੱਥੋਂ ਤੱਕ ਕਿ ਤੁਹਾਡਾ ਸਾਰਾ ਪਰਿਵਾਰ ਵੀ ਝੂਠਾ ਹੈ, ਸਭ ਕੁਝ ਤਿਆਗ ਦਿਓ। ਇਸ ਨੂੰ ਛੱਡ ਕੇ ਜੰਗਲ ਵਿੱਚ ਚਲੇ ਜਾਓ, ਉੱਥੇ ਜਾ ਕੇ ਤਪ ਕਰੋ।" ਅਸੀਂ ਤਾਂ ਤਿਆਗ, ਜੀਵਨ-ਮੁਕਤ, ਬ੍ਰਹਮ ਗਿਆਨ ਆਦਿ ਦੇ ਸ਼ੁਭ ਉਪਦੇਸ਼ ਦਿੱਤੇ ਹਨ। ਭਾਵੇਂ ਇਹ ਸ਼ੁਭ ਉਪਦੇਸ਼ ਉੱਤਮ ਹਨ ਅਤੇ ਤਿਆਗ ਕਰਨਾ ਚੰਗਾ ਹੈ। ਪਰੰਤੂ, ਇਨ੍ਹਾਂ ਸ਼ੁਭ ਉਪਦੇਸ਼ਾਂ ਅਤੇ ਤਿਆਗਮਈ ਕਾਰਜਾਂ ਦਾ ਫਲ: ਭਾਰਤੀ ਧਰਮਾਂ ਦਾ ਵਿਘਟਨ ਹੋ ਕੇ, ਸਾਡੇ ਸਾਹਮਣੇ ਹੈ। ਉਪਰੋਕਤ ਲਿਖੇ ਸ਼ੁਭ ਕਰਮਾਂ ਦਾ ਪ੍ਰਚਾਰ ਕਰਨ ਲਈ ਵੀ ਤਾਂ, ਸਮਰਾਟ ਅਸ਼ੋਕ ਵਰਗੀ ਰਾਜ-ਸੱਤਾ ਦੀ ਲੋੜ ਹੈ। ਰਾਜ-ਸੱਤਾ ਤੋਂ ਬਿਨਾਂ ਪ੍ਰਚਾਰ ਸੰਭਵ ਹੀ ਨਹੀਂ। ਧਰਮ ਦਾ ਪ੍ਰਚਾਰ ਕਰਨ ਲਈ ਰਾਜ ਸੱਤਾ ਦੀ ਅਤੇ ਧਨ ਦੀ ਲੋੜ ਹੈ। ਤਿਆਗ ਅਤੇ ਤਪ ਦੀ ਲੋੜ ਨਹੀਂ। ਜੇ ਰਾਜਾ ਜੰਗਲ ਵਿੱਚ ਜਾ ਕੇ ਤਪ ਕਰੇਗਾ, ਤਾਂ ਉਸ ਦੇ ਤਪ ਕਰਨ ਨਾਲ ਕਿਸੇ ਵੀ ਧਰਮ ਦਾ ਪ੍ਰਚਾਰ ਨਹੀਂ ਹੋ ਸਕਦਾ। ਉਸ ਨੂੰ ਮੁਕਤੀ ਤਾਂ ਮਿਲ ਸਕਦੀ ਹੈ; ਪਰੰਤੂ, ਉਸ ਦੇ ਧਰਮ ਦਾ ਪ੍ਰਚਾਰ ਨਹੀਂ ਹੋ ਸਕਦਾ ਅਤੇ ਉਸ ਦੇ ਦੇਸ਼ ਵਿੱਚ ਅਰਾਜਕਤਾ ਵੀ ਫੈਲ ਜਾਵੇਗੀ।

ਸਮਰਾਟ ਅਸ਼ੋਕ ਨੇ ਇੱਕ ਸੋਚ ਬਣਾਈ ਸੀ ਕਿ "ਮੈਂ ਬੁੱਧ ਧਰਮ ਦਾ ਪ੍ਰਚਾਰ-ਪ੍ਰਸਾਰ ਕਰਨਾ ਹੈ।" ਰਾਜ ਸੱਤਾ ਆਰੂੜ ਹੋਣ ਕਾਰਨ ਹੀ, ਬੁੱਧ ਧਰਮ ਦਾ ਪ੍ਰਚਾਰ ਕਰਨ ਵਿੱਚ ਉਸ ਨੂੰ ਸਫਲਤਾ ਪ੍ਰਾਪਤ ਹੋਈ। ਰਾਜ-ਸੱਤਾ ਨੂੰ ਮਿਥਿਆ ਮੰਨ ਕੇ, ਜੇ ਸਮਰਾਟ ਅਸ਼ੋਕ ਰਾਜ-ਸੱਤਾ ਤਿਆਗ ਦਿੰਦਾ; ਤਾਂ ਬੁੱਧ ਧਰਮ ਦਾ ਪ੍ਰਚਾਰ ਕਿਸੇ ਵੀ ਤਰ੍ਹਾਂ ਨਾਲ ਸੰਭਵ ਨਹੀਂ ਸੀ। ਅੱਜ ਬੁੱਧ ਧਰਮ ਦੇ ਦਸ ਦੇਸ਼ ਹਨ। ਅਤੇ, ਹਿੰਦੂ ਧਰਮ (ਸਨਾਤਨ) ਕੋਲ ਆਪਣਾ ਦੇਸ਼ ਤਾਂ ਕੀ ਬਚਣਾ ਸੀ; ਆਪਣਾ ਨਾਮ 'ਸਨਾਤਨ' ਵੀ ਨਹੀਂ ਬਚਿਆ। 'ਸਨਾਤਨ' ਨਾਮ ਖੋਹ ਕੇ, ਵਿਦੇਸ਼ੀਆਂ ਨੇ ਸਨਾਤਨੀਆਂ ਨੂੰ 'ਹਿੰਦੂ' ਨਾਮ ਦੇ ਦਿੱਤਾ। ਇੱਥੋਂ ਤੱਕ ਕਿ ਸਨਾਤਨ (ਹਿੰਦੂ) ਧਰਮ ਦਾ ਜਨਮ ਅਸਥਾਨ 'ਭਾਰਤ' ਵੀ ਉਨ੍ਹਾਂ ਕੋਲ 'ਆਪਣਾ' ਨਹੀਂ ਬਚਿਆ। ਕਿਉਂ? ਹਿੰਦੂ ਭਰਾਵੋ! ਤੁਹਾਡਾ ਕੀ ਹੈ? ਕੁਝ ਵੀ ਨਹੀਂ। ਤੁਸੀਂ ਤਾਂ ਧਰਮ-ਨਿਰਪੱਖਤਾ ਦੇ ਰੋਗ ਨਾਲ ਗ੍ਰਸਤ ਹੋ ਕੇ, ਆਪਣੇ ਹੀ ਦੇਸ਼ ਵਿੱਚ, ਆਪਣੇ ਹੀ ਧਰਮ ਦੀ ਵਿਰੋਧਤਾ ਕਰ ਰਹੇ ਹੋ। ਜਿਆਦਾਤਰ ਈਸਾਈ ਦੇਸ਼, ਆਪਣੇ ਆਪ ਨੂੰ ਧਰਮ-ਨਿਰਪੱਖ ਕਹਿ ਕੇ, ਆਪਣੇ ਈਸਾਈ ਧਰਮ ਦਾ ਪ੍ਰਚਾਰ ਕਰਦੇ ਹਨ। ਈਸਾਈ ਅਤੇ ਇਸਲਾਮ ਧਰਮ ਦਾ ਸੰਸਾਰ ਭਰ ਵਿੱਚ ਸਭ ਤੋਂ ਵੱਧ ਫੈਲਣ ਦਾ ਇੱਕੋ ਇੱਕ ਕਾਰਨ ਹੀ ਇਹ ਹੈ ਕਿ ਈਸਾਈ ਅਤੇ ਮੁਸਲਮਾਨ ਰਾਜਿਆਂ ਨੇ, ਰਾਜ-ਸੱਤਾ ਦੇ ਸਾਧਨਾਂ ਦੀ ਵਰਤੋਂ ਕਰ ਕੇ, ਆਪਣੇ ਧਰਮਾਂ ਦਾ ਪ੍ਰਚਾਰ ਕੀਤਾ ਸੀ।

ਜੇ ਰਾਜ-ਸੱਤਾ ਅਤੇ ਜਗਤ ਝੂਠ ਹੈ: ਤਾਂ ਜਿਨ੍ਹਾਂ ਨੇ ਰਾਜ-ਭਾਗ ਦਾ ਲਾਲਚ ਕੀਤਾ, ਕਪਟ ਕੀਤਾ ਅਤੇ ਕ੍ਰੂਰਤਾ ਕੀਤੀ; ਉਹ ਅੱਜ ਸੰਸਾਰ ਭਰ ਵਿੱਚ ਕਿਉਂ ਛਾ ਗਏ ਹਨ? ਅਸੀਂ ਤਿਆਗ ਕੀਤਾ, ਅਤੇ ਅਸੀਂ ਆਪਣੇ ਹੀ ਘਰ ਵਿੱਚ ਅੱਜ ਖਤਮ ਹੋਣ ਦੀ ਕਗਾਰ ਉੱਤੇ ਪਹੁੰਚੇ ਹੋਏ ਹਾਂ। ਸਾਡੇ ਉਸ ਤਪ ਅਤੇ ਤਿਆਗ ਦਾ ਫਲ ਸਾਡੇ ਸਾਹਮਣੇ ਹੈ। ਆਪਣੇ ਧਰਮ ਨੂੰ ਜਿਉਂਦਾ ਰੱਖਣ ਲਈ, ਅਸੀਂ ਸਰਕਾਰ ਤੋਂ ਕਾਨੂੰਨ ਦੀ ਭੀਖ ਮੰਗ ਰਹੇ ਹਾਂ। ਕਿੰਨੀ ਹੈਰਾਨੀ ਦੀ ਗੱਲ ਹੈ: ਧਰਮ-ਨਿਰਪੱਖਤਾ ਦਾ ਨਾਅਰਾ ਦੇਣ ਵਾਲੇ ਲੋਕ, ਰਾਜਨੀਤਿਕ (ਸਿਆਸੀ) ਦਲ-ਨਿਰਪੱਖਤਾ ਦਾ ਨਾਅਰਾ ਕਿਉਂ ਨਹੀਂ ਦਿੰਦੇ? ਜੇਕਰ ਸਾਨੂੰ ਧਰਮ-ਨਿਰਪੱਖ ਹੋਣਾ ਚਾਹੀਦਾ ਹੈ; ਤਾਂ ਸਾਨੂੰ ਪਹਿਲਾਂ, ਰਾਜਨੀਤਿਕ ਦਲ-ਨਿਰਪੱਖ (ਪਾਰਟੀ-ਨਿਰਪੱਖ) ਵੀ ਹੋਣਾ ਚਾਹੀਦਾ ਹੈ।

ਮੇਰੀਆਂ ਇਨ੍ਹਾਂ ਬੇਨਤੀਆਂ ਅਤੇ ਸ਼ਬਦਾਂ ਦਾ ਕਿਰਪਾ ਕਰਕੇ ਗਲਤ ਅਰਥ ਨਾ ਕੱਢੋ। ਮੇਰੇ ਇਨ੍ਹਾਂ ਸ਼ਬਦਾਂ ਦਾ ਤੱਤ ਸਮਝ ਕੇ ਅਤੇ ਮੇਰੀ ਭਾਵਨਾ ਨੂੰ ਸਮਝਦੇ ਹੋਏ ਵਿਚਾਰ ਕਰੋ। ਜਦੋਂ ਤੱਕ ਅਸੀਂ ਕਾਰਨ ਦਾ ਨਿਵਾਰਣ ਨਹੀਂ ਕਰਾਂਗੇ, ਸਾਡੇ ਚਾਰੇ ਧਰਮਾਂ ਦਾ ਉੱਥਾਨ ਨਹੀਂ ਹੋ ਸਕੇਗਾ।

ਭਾਰਤੀ ਸੰਸਕ੍ਰਿਤੀ ਤੋਂ ਉਪਜੇ ਚਾਰੇ ਧਰਮ, ਜਿਨ੍ਹਾਂ ਦਾ ਮੂਲ ਸਿਧਾਂਤ ਇੱਕੋ ਹੀ ਹੈ ਕਿ "84 ਲੱਖ ਯੋਨੀ ਤੋਂ ਬੜੀ ਮੁਸ਼ਕਲ ਨਾਲ ਸਾਨੂੰ ਮਨੁੱਖ ਜਨਮ ਮਿਲਿਆ ਹੈ। ਇਸ ਜਨਮ ਵਿੱਚ ਗੁਰੂ ਧਾਰਨ ਕਰ ਕੇ, ਨਾਮ ਜਪ ਕੇ, ਕੀਰਤਨ ਕਰ ਕੇ, ਸ਼ੁਭ ਕਰਮ ਕਰ ਕੇ, ਆਪਣਾ ਜਨਮ-ਮਰਨ ਦਾ ਚੱਕਰ ਸਮਾਪਤ ਕਰੋ ਅਤੇ ਜੀਵਨ-ਮੁਕਤ ਹੋ ਜਾਓ।" ਇਸ ਸਿਧਾਂਤ ਦਾ ਪ੍ਰਚਾਰ ਸਾਨੂੰ ਜ਼ਰੂਰ ਕਰਨਾ ਚਾਹੀਦਾ ਹੈ। ਪਰੰਤੂ, ਇਸ ਸਿਧਾਂਤ ਦਾ ਪ੍ਰਚਾਰ ਕਰਨ ਲਈ, ਭਾਰਤ ਦੇ ਸਾਡੇ ਚਾਰੋਂ ਧਰਮਾਂ ਨੂੰ ਆਪਸ ਵਿੱਚ ਇੱਕ-ਜੁੱਟ ਹੋ ਕੇ, ਆਪਣੇ ਪ੍ਰਚਾਰ ਵਿੱਚ ਵਾਧਾ ਲਿਆਉਣਾ ਚਾਹੀਦਾ ਹੈ। ਆਪਸੀ ਨਫ਼ਰਤ ਨੂੰ ਛੱਡ ਦੇਣਾ ਚਾਹੀਦਾ ਹੈ। ਜਿੱਥੇ ਲੋੜ ਹੋਵੇ, ਵਿਦੇਸ਼ੀ ਧਰਮਾਂ ਦਾ ਮੁਕਾਬਲਾ ਅਤੇ ਵਿਰੋਧ ਕਰਨਾ ਚਾਹੀਦਾ ਹੈ। ਜਿੰਨੀਆਂ ਗੱਲਾਂ ਉੱਤੇ ਅਸੀਂ ਚਾਰੇ ਧਰਮ, ਇਕੱਠੇ ਹੋ ਸਕਦੇ ਹਾਂ; ਉੱਥੇ ਸਾਨੂੰ ਇਕੱਠੇ ਹੋ ਜਾਣਾ ਚਾਹੀਦਾ ਹੈ। ਅਸੀਂ ਚਾਰੇ ਧਰਮ ਸਹਿਮਤ ਹੋ ਸਕਦੇ ਹਾਂ; ਕਿਉਂਕਿ, ਸਾਡਾ ਮੂਲ ਸਿਧਾਂਤ 'ਇੱਕ' ਹੈ। ਭਾਰਤੀ ਸੰਸਕ੍ਰਿਤੀ ਅਤੇ ਭਾਰਤੀ ਧਰਮ ਸਰਵੋਤਮ ਹਨ। ਇਹਨਾਂ ਧਰਮਾਂ ਦੀ ਸਰਵੋਤਮਤਾ ਬਰਕਰਾਰ ਰੱਖਣ ਦੇ ਦਿਵਯ ਲਕਸ਼ ਦੀ ਪ੍ਰਾਪਤੀ ਲਈ; ਭਾਰਤ ਦੇ ਚਾਰੇ ਧਰਮਾਂ ਨੂੰ ਆਪਣੀ ਸੁਤੰਤਰ ਹੋਂਦ ਬਰਕਰਾਰ ਰੱਖਦੇ ਹੋਏ, ਆਪਸੀ ਵਿਰੋਧ ਤਿਆਗ ਕੇ, ਪ੍ਰੇਮ ਅਤੇ ਏਕਤਾ ਦੇ ਸੂਤਰ ਵਿੱਚ ਬੱਝ ਕੇ, ਉਪਰੋਕਤ ਸਿਧਾਂਤ ਦਾ ਪ੍ਰਚਾਰ-ਪ੍ਰਸਾਰ ਕਰਨਾ ਚਾਹੀਦਾ ਹੈ।

## ਇੱਕ ਡਾਕਟਰ ਵੱਲੋਂ ਵਰਤੀ ਗਈ-ਆਧੁਨਿਕ ਚਿਕਿਤਸਾ ਪ੍ਰਣਾਲੀ 'ਤੇ ਵਿਅੰਗਮਈ ਸਚਾਈ



ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮ ਵੇਦ

ਇੱਕ ਦੋ ਦਿਨ ਬੁਖਾਰ ਰਿਹਾ। ਦਵਾਈ ਨਾ ਵੀ ਲੈਂਦੇ ਤਾਂ ਵੀ ਠੀਕ ਹੋ ਜਾਂਦੇ। ਸਰੀਰ ਕੁਦਰਤੀ ਤੌਰ 'ਤੇ ਸਿਹਤਮੰਦ ਹੋ ਜਾਂਦਾ। ਪਰ ਡਾਕਟਰ ਕੋਲ ਚਲੇ ਗਏ।
ਡਾਕਟਰ ਸਾਹਿਬ ਨੇ ਤੁਰੰਤ ਕਈ ਟੈਸਟ ਲਿਖ ਦਿਤੇ।
ਟੈਸਟ ਰਿਪੋਰਟ ਵਿਚ ਬੁਖਾਰ ਦਾ ਕੋਈ ਖਾਸ ਕਾਰਨ ਨਹੀਂ ਸੀ। ਪਰ ਕੋਲੇਸਟਰੋਲ ਤੇ ਸ਼ੂਗਰ ਥੋੜ੍ਹੇ ਵਧੇ ਹੋਏ ਨਿਕਲੇ।
ਜੋ ਕਿ ਆਮ ਆਦਮੀ ਵਿੱਚ ਥੋੜ੍ਹੀ-ਬਹੁਤ ਉਤਾਰ-ਚੜ੍ਹਾਵ ਵਾਲੀ ਗੱਲ ਹੁੰਦੀ ਹੈ।
ਬੁਖਾਰ ਤਾਂ ਚਲਾ ਗਿਆ... ਪਰ ਹੁਣ ਤੁਸੀਂ "ਬੁਖਾਰ ਵਾਲੇ ਮਰੀਜ਼" ਨਹੀਂ ਰਹੇ।
ਹੁਣ ਬਣ ਗਏ ਕੋਲੇਸਟਰੋਲਤੇ ਸ਼ੂਗਰ ਦੇ ਮਰੀਜ਼
ਡਾਕਟਰ ਨੇ ਕਿਹਾ – ਤੁਹਾਡਾ ਕੋਲੇਸਟਰੋਲ ਵੱਧ ਗਿਆ ਹੈ, ਸ਼ੂਗਰ ਵੀ ਥੋੜ੍ਹੀ ਵੱਧ ਹੈ।
ਤੁਸੀਂ "ਪ੍ਰੀ-ਡਾਇਬੈਟਿਕ" ਹੋ।
ਹੁਣ ਤੁਹਾਨੂੰ ਦਵਾਈਆਂ ਲੈਣੀਆਂ ਪੈਣਗੀਆਂ।
ਖਾਣ-ਪੀਣ 'ਤੇ ਵੀ ਕਈ ਪਾਬੰਦੀਆਂ ਲੱਗ ਗਈਆਂ।
ਖਾਣ ਵਾਲੀਆਂ ਗੱਲਾਂ ਨਾ ਮੰਨੀਆਂ , ਪਰ ਦਵਾਈਆਂ ਲੈਣੀ ਕਦੇ ਨਹੀਂ ਭੁੱਲੇ।
ਤਿੰਨ ਮਹੀਨੇ ਹੋ ਗਏ। ਦੁਬਾਰਾ ਟੈਸਟ ਹੋਇਆ।
ਕੋਲੇਸਟਰੋਲ ਥੋੜ੍ਹਾ ਘਟਿਆ, ਪਰ ਹੁਣ ਬੀ.ਪੀ. ਵਧਿਆ ਹੋਇਆ ਸੀ।
ਉਸਦੇ ਲਈ ਵੀ ਦਵਾਈ ਮਿਲੀ।
ਹੁਣ ਦਵਾਈਆਂ ਦੀ ਗਿਣਤੀ ਹੋ ਗਈ 3
ਇਹ ਸਭ ਸੁਣਕੇ ਚਿੰਤਾ ਵਿੱਚ ਡੁੱਬ ਗਏ – "ਹੁਣ ਕੀ ਹੋਏਗਾ?"
ਇਸ ਚਿੰਤਾ ਨੇ ਨੀਂਦ ਉਡਾ ਦਿੱਤੀ।
ਡਾਕਟਰ ਨੇ ਨੀਂਦ ਦੀ ਵੀ ਦਵਾਈ ਦੇ ਦਿੱਤੀ।
ਹੁਣ ਗਿਣਤੀ 4 ਹੋ ਗਈ
ਦਵਾਈਆਂ ਖਾ-ਖਾ ਕੇ ਪੇਟ ਵਿੱਚ ਜਲਣ ਹੋਣ ਲੱਗੀ।
ਡਾਕਟਰ ਨੇ ਕਿਹਾ – ਖਾਣ ਤੋਂ ਪਹਿਲਾਂ ਖਾਲੀ ਪੇਟ ਗੈਸ ਦੀ ਗੋਲੀ ਵੀ ਲੈਣੀ ਪਵੇਗੀ।
ਹੁਣ ਗਿਣਤੀ 5
6 ਮਹੀਨੇ ਹੋ ਗਏ। ਇਕ ਦਿਨ ਸੀਨੇ ਵਿੱਚ ਦਰਦ ਹੋਇਆ।
ਤੁਸੀਂ ਹਸਪਤਾਲ ਭੱਜੇ।
ਡਾਕਟਰ ਨੇ ਕਿਹਾ – "ਟਾਈਮ 'ਤੇ ਆ ਗਏ, ਨਹੀਂ ਤਾਂ ਵੱਡਾ ਹਾਦਸਾ ਹੋ ਸਕਦਾ ਸੀ।"
ਹੋਰ ਮਹਿੰਗੇ ਟੈਸਟ, ਹੋਰ ਦਵਾਈਆਂ
ਹੋਣੀ ਅਜਿਹੀ ਹੋਈ ਕਿ ਹੁਣ ਦਿਲ ਦੀਆਂ ਦੋ ਹੋਰ ਦਵਾਈਆਂ ਲੱਗ ਗਈਆਂ।
ਇੱਕ ਐਂਡੋਕ੍ਰਾਈਨੋਲੋਜਿਸਟ ਕੋਲ ਵੀ ਜਾਣਾ ਪਿਆ।
ਦਵਾਈਆਂ ਦੀ ਗਿਣਤੀ ਹੋ ਗਈ 7
ਐਂਡੋਕ੍ਰਾਈਨੋਲੋਜਿਸਟ ਨੇ ਸ਼ੂਗਰ ਲਈ ਹੋਰ ਦਵਾਈ ਅਤੇ ਥਾਇਰਾਇਡ ਵੱਧਣ ਦੇ ਕਾਰਨ ਹੋਰ ਇੱਕ ਦਵਾਈ ਲਿਖ ਦਿੱਤੀ।
ਹੁਣ 9 ਦਵਾਈਆਂ
ਹੁਣ ਆਪਣੇ ਆਪ ਨੂੰ ਸਮਝਣ ਲੱਗ ਪਏ –
ਮੈਂ ਦਿਲ ਦਾ ਮਰੀਜ਼ ਹਾਂ, ਸ਼ੂਗਰ ਦਾ ਮਰੀਜ਼ ਹਾਂ, ਨੀਂਦ ਦਾ ਮਰੀਜ਼ ਹਾਂ, ਗੈਸ ਦਾ, ਥਾਇਰਾਇਡ ਦਾ, ਕਿਡਨੀ ਦਾ...
ਅਸਲ ਚੀਜ਼ ਕਦੇ ਦੱਸੀ ਹੀ ਨਹੀਂ ਗਈ ਕਿ –
ਤੁਸੀਂ ਆਪਣੀ ਜੀਵਨਸ਼ੈਲੀ, ਆਤਮ ਵਿਸ਼ਵਾਸ ਅਤੇ ਇੱਛਾ ਸ਼ਕਤੀ ਨਾਲ ਵੀ ਸਿਹਤਮੰਦ ਰਹਿ ਸਕਦੇ ਹੋ।
ਸਿਰਫ ਇਹ ਦੱਸਿਆ ਗਿਆ ਕਿ ਤੁਸੀਂ "ਗੰਭੀਰ ਰੋਗੀ" ਹੋ।
ਤੁਸੀਂ ਨਿਰਬਲ ਹੋ, ਅਸਮਰਥ ਹੋ, ਟੁੱਟ ਚੁੱਕੇ ਹੋ।
6 ਹੋਰ ਮਹੀਨੇ ਬੀਤ ਗਏ।
ਹੁਣ ਦਵਾਈਆਂ ਦੇ ਸਾਈਡ ਇਫੈਕਟਸ ਕਾਰਨ ਪੇਸ਼ਾਬ ਵਿੱਚ ਸਮੱਸਿਆ ਆਈ।
ਕਿਡਨੀ ਟੈਸਟ ਕਰਵਾਏ।
ਕ੍ਰੀਏਟਿਨਿਨ ਵਧਾ ਹੋਇਆ।
2 ਹੋਰ ਦਵਾਈਆਂ।
ਹੁਣ ਗਿਣਤੀ 11
ਹੁਣ ਰੋਟੀ ਘੱਟ ਖਾ ਰਹੇ ਹੋ, ਦਵਾਈ ਵੱਧ।
ਅਤੇ ਇਹ ਸਾਰੀਆਂ ਦਵਾਈਆਂ ਹੌਲੇ-ਹੌਲੇ ਮੌਤ ਵੱਲ ਲੈ ਜਾ ਰਹੀਆਂ ਹਨ।
ਜੇ ਪਹਿਲੀ ਵਾਰ ਡਾਕਟਰ ਕਹਿੰਦੇ –
"ਚਿੰਤਾ ਦੀ ਕੋਈ ਗੱਲ ਨਹੀਂ। ਇਹ ਹਲਕਾ ਬੁਖਾਰ ਹੈ। ਦਵਾਈ ਦੀ ਲੋੜ ਨਹੀਂ। ਕੁਝ ਦਿਨ ਅਰਾਮ ਕਰੋ, ਪਾਣੀ ਪੀਓ, ਫਲ-ਸਬਜ਼ੀਆਂ ਖਾਓ, ਸਵੇਰੇ ਟਹਿਲੋ।"
ਤਾਂ?
ਫਿਰ ਡਾਕਟਰ ਅਤੇ ਦਵਾਈ ਕੰਪਨੀਆਂ ਦਾ ਪੇਟ ਕਿਵੇਂ ਭਰਦਾ?
ਹੁਣ ਮੁੱਦਾ ਇਹ ਹੈ ਕਿ:
ਕਿਸ ਆਧਾਰ 'ਤੇ ਡਾਕਟਰ ਮਰੀਜ਼ ਨੂੰ
"ਕੋਲੇਸਟਰੋਲ, ਹਾਈ ਬੀਪੀ, ਸ਼ੂਗਰ, ਦਿਲ, ਕਿਡਨੀ" ਦੇ ਰੋਗੀ ਘੋਸ਼ਿਤ ਕਰ ਰਹੇ ਹਨ ?
ਇਹ ਮਾਪਦੰਡ ਕੌਣ ਤੈਅ ਕਰਦਾ
ਇਹੀ ਹੈ ਅੱਜ ਦੀ
"ਅੱਤ-ਆਧੁਨਿਕ ਚਿਕਿਤਸਾ ਪ੍ਰਣਾਲੀ"
ਸੋਚੋ... ਤੇ ਸੋਚਣਾ ਸ਼ੁਰੂ ਕਰੋ...!!

## ਪੰਜਾਬ ਪਾਣੀਆਂ*




ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਪੰਜਾਬ ਪਾਣੀਆਂ ਦਾ ਸੰਗਮ ਕਰਾਉਣਾ ਏ।
ਅਜੇ ਸਮਾਂ ਪਰਖ ਦਾ ਆਉਣਾ ਏ
ਝਨਾਬ ਤੇ ਆਸ਼ਕਾਂ ਗਿਧੇ ਪਾਉਣ ਗੇ।
ਦੁਨੀਆ ਨੂੰ ਪਿਆਰ ਸਮਝਾਉਣੇ ਨੇ।
ਬਾਕੀ ਹਿਸਾਬ ਕਮਾਉਣੇ ਨੇ।
ਭਾਰਤ ਦਾ ਨਕਸ਼ਾ ਨਵਾਂ ਬਣਾਉਣਾ ਏਂ।
ਨਾਦਰ ਸ਼ਾਹ ਨੂੰ ਫਿਰ ਮਾਰ ਭਜਾਉਣਾ ਹੈ।
ਔਰੰਗੇ ਵਰਗੇ ਦਾ ਸਾਹ ਸੁਕਾਉਣਾ ਏ।
ਫਰੰਗੀਆਂ ਨੂੰ ਫਿਰਤੋਂ ਉਡਾਉਣਾ ਏ।
ਅਬਦਾਲੀ ਨੂੰ ਦੋ ਹੱਥ ਵਟਾਉਣਾ ਏ।
ਮੁੜ ਬਾਈਧਾਰ ਨੂੰ ਪੱਟੀ ਪੜਾਉਣਾ ਏ।
ਸਮਾਂ ਅਜੇ ਹੋਰ ਪਰਖ ਦਾ ਆਉਣਾ ਹੈ।
ਅਜੇ ਘੜੀ ਪਰਖ ਦੀ ਆਉਣੀ ਹੈ।
ਯੁਧ ਵਿਚ ਇਕ ਇਕ ਖੜਕਾਉਣੀ ਹੈ।
ਚਮਕੌਰ ਦੇ ਵਿਚ ਹੌਲੀ ਮਨਾਉਣੀ ਹੈ।
ਹਰਿਮੰਦਰ ਨੂੰ ਰੋਸ਼ਨ ਕਰਾਉਣਾ ਹੈ।
ਰਾਣੀ ਝਾਂਸੀ ਨੇ ਮੈਦਾਨ ਆਉਣਾ ਹੈ।
ਸਿੱਖ ਇਤਹਾਸ ਨੂੰ ਤਾਜ਼ਾ ਕਰਵਾਉਣਾ ਹੈ।
ਮੁੜ ਰਣਜੀਤ ਨਗਾਰਾ ਕਰਾਉਣਾ ਹੈ।
ਸਵਾ ਲੱਖ ਨਾਲ ਇਕ ਲੜ ਉਣਾ ਹੈ।
ਸਮਾਂ ਅਜੇ ਹੋਰ ਪਰਖ਼ ਦਾ ਆਉਣਾ ਹੈ।
ਸਿਰ ਧੜ ਗਲੀ ਵਿੱਚ ਆਉਣਾ ਹੈ।
ਨਲੂਆ , ਫੂਲਾ ਅਕਾਲੀ ਮੁੜ ਆਉਣਾ ਹੈ।
ਸਿੱਖ ਰਾਜ ਦਾ ਡੰਕਾ ਫਿਰ ਵਜਾਉਣਾ ਹੈ।
ਫਿਰ ਰਾਜ ਦਰਬਾਰ ਹੱਥ ਆਉਣਾ ਹੈ।
ਸਮਾਂ ਹੋਰ ਪਰਖ ਵਾਲਾ ਆਉਣਾ ਹੈ।
ਵਿਛੜੇ ਧਾਮਾਂ ਨੂੰ ਆਜ਼ਾਦ ਕਰਵਾਗੇ।
ਮੁੜ ਉਥੇ ਹਰੀ ਜਸ ਗਾਵਾਂ ਗੇ।
ਦੁਸ਼ਮਨ ਨੂੰ ਮਾਰ ਹੋਸ਼ ਬੁਲਾਵਾਂਗੇ।
ਸਿਖਾਂ ਦੀ ਸ਼ਾਨ ਮੁੜ ਚਮਕਾਵਾਂਗੇ।
ਨਾਨਕਸ਼ਾਹੀ ਸਿੱਕਾ ਚਲਾਉਣਾ ਹੈ।
ਸਮਾਂ ਅਜੇ ਹੋਰ ਪਰਖ ਦਾ ਆਉਣਾਂ ਹੈ।
ਸਿੱਖ ਰਾਜ ਦੀ ਸਵੇਰ ਹੁਣ ਆਵੇਗੀ।
ਫੌਜ ਮੈਦਾਨੇ ਜੰਗ ਵਿੱਚ ਭਾਜੜ ਪਾਏਗੀ।
ਦੁਸ਼ਮਨ ਧਰਤੀ ਤੇ ਹਾਹਾਕਾਰ ਮਚਾਏਗੀ।
ਖਾਲਸੇ ਹੱਥ ਫਿਰ ਵਾਂਗ ਡੋਰ ਆਏਗੀ।
ਸਮਾਂ ਅਜੇ ਹੋਰ ਪਰਖ ਦਾ ਆਉਣਾ ਹੈ।
ਫਿਰ ਕਾਲਕੀ ਅ ਤਾਰ ਨੇ ਆਉਣਾ ਹੈ।